# ਪੰਜਾਬੀ ਵਿਸ਼ਵ ਦ੍ਰਿਸ਼ਟੀ: ਆਧੁਨਿਕ ਪੇਰਪੇਖ

**ਡਾ: ਬਲਦੇਵ ਸਿੰਘ ਧਾਲੀਵਾਲ**

ਆਧੁਨਿਕ ਕਾਲ ਦਾ ਪੰਜਾਬੀ ਬਿਰਤਾਂਤਕ ਪ੍ਰਵਚਨ ਇਕ ਪਾਸੇ ਆਪਣੀ ਪ੍ਰਾਚੀਨ ਅਤੇ ਮੱਧਕਾਲੀਨ ਬਿਰਤਾਂਤ ਪਰੰਪਰਾ ਨਾਲ ਅਤੇ ਦੂਜੇ ਪਾਸੇ ਪੱਛਮੀ ਸਾਹਿਤ—ਚਿੰਤਨ ਨਾਲ ਸੰਵਾਦ ਰਾਹੀਂ ਹੋਂਦ ਗ੍ਰਹਿਣ ਕਰਦਾ ਹੈ। ਇਸ ਦੀ ਹੋਂਦ-ਵਿਧੀ ਅਤੇ ਵਿਚਾਰਧਾਰਕ ਪਰਿਪੇਖ ਨੂੰ ਸਮਝਣ ਲਈ ਪਹਿਲਾਂ ਪੰਜਾਬੀ ਅਤੇ ਪੱਛਮੀ ਸਭਿਆਚਾਰ ਦੇ ਦੁਵੱਲੇ ਸਬੰਧਾਂ ਬਾਰੇ ਜਾਨਣਾ ਜ਼ਰੂਰੀ ਹੈ, ਕਿਉਂਕਿ ਆਧੁਨਿਕ ਚਿੰਤਨ ਦੀ ਬੁਨਿਆਦ ਇਨ੍ਹਾਂ ਸਬੰਧਾਂ ਉਤੇ ਹੀ ਟਿਕਦੀ ਹੈ।

**4.1 ਆਧੁਨਿਕ ਕਾਲ ਦਾ ਪੰਜਾਬ : ਵਿਚਾਰਧਾਰਕ ਸੰਦਰਭ**

ਬਰਤਾਨਵੀ ਈਸਟ ਇੰਡੀਆ ਕੰਪਨੀ ਆਪਣੇ ਵਪਾਰਕ ਸਰੋਕਾਰ ਲੈ ਕੇ ਭਾਰਤ ਵਿਚ ਦਾਖ਼ਲ ਹੁੰਦੀ ਹੈ ਅਤੇ ਹੌਲੀ ਹੌਲੀ ਰਾਜਸੀ ਸ਼ਕਤੀ ਬਣ ਕੇ ਪੂਰੇ ਦੇਸ਼ ਉਤੇ ਕਾਬਜ਼ ਹੋ ਜਾਂਦੀ ਹੈ। ਸੰਨ 1849 ਈ. ਨੂੰ ਪੰਜਾਬ ਵੀ ਇਸ ਦੇ ਅਧੀਨ ਹੋਣ ਲਈ ਮਜ਼ਬੂਰ ਹੋ ਜਾਂਦਾ ਹੈ। ਫਿਰ 1947 ਵਿਚ ਭਾਰਤ ਦੇ ਆਜ਼ਾਦ ਹੋਣ ਤੱਕ ਬਰਤਾਨਵੀ ਬਸਤੀਵਾਦੀ ਹਕੂਮਤ ਕਾਇਮ ਰਹਿੰਦੀ ਹੈ। ਆਜ਼ਾਦੀ ਸਮੇਂ ਹੀ ਪੰਜਾਬ ਦੀ ਵੰਡ ਹੋ ਜਾਂਦੀ ਹੈ ਅਤੇ ਨਵਾਂ ਦੇਸ ਪਾਕਿਸਤਾਨ ਹੋਂਦ ਵਿਚ ਆ ਜਾਂਦਾ ਹੈ। ਆਜ਼ਾਦ ਭਾਰਤ ਵਿਚ ਪੂਰਬੀ ਪੰਜਾਬ ਇਕ ਪ੍ਰਾਂਤ ਦਾ ਦਰਜਾ ਹਾਸਲ ਕਰਦਾ ਹੈ ਪਰ ਕੇਂਦਰ ਅਤੇ ਪ੍ਰਾਂਤ ਵਿਚ ਕਿਸੇ ਨਾ ਕਿਸੇ ਰੂਪ 'ਚ ਕਸ਼ਮਕਸ਼ ਫੇਰ ਵੀ ਨਿਰੰਤਰ ਬਣੀ ਰਹਿੰਦੀ ਹੈ। ਦੂਜੇ ਪਾਸੇ ਬਸਤੀਵਾਦੀ ਹਕੂਮਤ ਸਮਾਪਤ ਹੋ ਜਾਣ ਪਿੱਛੋਂ ਵੀ ਵਿਕਸਤ ਪੱਛਮੀ ਦੇਸਾਂ ਦਾ ਪ੍ਰਭਾਵ ਭਾਰਤ ਉਤੇ ਨਵ-ਬਸਤੀਵਾਦੀ ਸ਼ਕਤੀ ਦੇ ਰੂਪ 'ਚ ਬਣਿਆ ਰਹਿੰਦਾ ਹੈ।

ਪੰਜਾਬੀ ਚਿੰਤਨ ਦਾ ਆਰੰਭ ਆਰੀਆ ਦੀ ਕਬੀਲਾਈ ਚੇਤਨਾ ਦੇ ਲੌਕਿਕ ਸਰੋਕਾਰਾਂ ਰਾਹੀਂ ਹੋਇਆ ਸੀ। ਮੱਧਕਾਲ ਦੌਰਾਨ ਬ੍ਰਾਹਮਣਵਾਦ ਦੀ ਆਦਰਸ਼ਵਾਦੀ ਚਿੰਤਨ ਪ੍ਰਣਾਲੀ ਦੇ ਜ਼ਬਰਦਸਤ ਦਬਾਵਾਂ ਦੇ ਬਾਵਯੂਦ ਇਸ ਨੇ ਆਪਣੀ ਸਾਂਝ ਉਸ ਪਦਾਰਥਵਾਦੀ ਲਘੂ-ਪਰੰਪਰਾ ਨਾਲ ਵੀ ਬਣਾਈ ਰੱਖੀ ਜਿਹੜੀ ਸਾਂਖਵਾਦ, ਬੁੱਧ ਮੱਤ, ਜੈਨ ਮੱਤ, ਲੋਕ-ਧਰਮ ਅਤੇ ਸਿੱਖ ਲਹਿਰ ਦੇ ਰੂਪ 'ਚ ਨਿਰੰਤਰ ਪ੍ਰਵਾਹਮਾਨ ਰਹੀ। ਪਰ ਪੱਛਮੀ ਚਿੰਤਨ ਨਾਲ ਸੰਪਰਕ 'ਚ ਆਉਣ ਤੱਕ ਵੀ ਪੰਜਾਬੀ ਚਿੰਤਨ ਅਜੇ ਆਦਰਸ਼ਵਾਦੀ ਵਿਸ਼ਵ-ਦ੍ਰਿਸ਼ਟੀ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਸਕਿਆ ਸੀ। ਦੂਜੇ ਪਾਸੇ ਇਸ ਸਮੇਂ ਤੱਕ ਪੱਛਮ ਵਿਚ ਆਧੁਨਿਕ ਚਿੰਤਨ ਦੀ ਪਰੰਪਰਾ ਪੂਰੀ ਤਰ੍ਹਾਂ ਵਿਕਸਤ ਹੋ ਚੁੱਕੀ ਸੀ।

ਮੂਲ ਰੂਪ ਵਿਚ ਆਧੁਨਿਕ ਚੇਤਨਾ ਦਾ ਸਬੰਧ ਵਿਗਿਆਨਕ ਲੱਭਤਾਂ ਅਤੇ ਟੈਕਨਾਲੋਜੀ ਦੇ ਵਿਕਾਸ ਨਾਲ ਹੈ। ਇਨ੍ਹਾਂ ਨਾਲ ਮਨੁੱਖ ਦੀ ਵਿਸ਼ਵ-ਦ੍ਰਿਸ਼ਟੀ ਵਿਸ਼ਵਾਸ ਦੀ ਥਾਂ ਤਰਕ ਆਧਾਰਿਤ ਹੋ ਜਾਂਦੀ ਹੈ। ਇਸ ਵਿਸ਼ਵ-ਦ੍ਰਿਸ਼ਟੀ ਦਾ ਮਕਸਦ ਪਦਾਰਥਕ ਜਗਤ ਦੇ ਰਹੱਸਾਂ ਦੀ ਖੋਜ, ਵਿਧੀ ਵਿਸ਼ਲੇਸ਼ਣਕਾਰੀ, ਮਾਧਿਅਮ ਪ੍ਰਯੋਗਸ਼ਾਲਾ ਅਤੇ ਸਰੂਪ ਬੌਧਿਕ ਹੁੰਦਾ ਹੈ। ਇਸ ਵਿਸ਼ਵ-ਦ੍ਰਿਸ਼ਟੀ ਦਾ ਮੂਲ ਵਿਰੋਧ ਮੱਧਕਾਲੀਨ ਆਦਰਸ਼ਵਾਦੀ ਵਿਸ਼ਵ-ਦ੍ਰਿਸ਼ਟੀ (ਵਿਸ਼ਵਾਸ ਅਧਾਰਿਤ) ਨਾਲ ਬਣਦਾ ਹੈ। ਆਧੁਨਿਕ ਵਿਸ਼ਵ-ਦ੍ਰਿਸ਼ਟੀ ਦਾ ਮਨੁੱਖ-ਪੱਖੀ ਖਾਸਾ ਮਨੁੱਖ ਨੂੰ ਅੰਧ-ਵਿਸ਼ਵਾਸਾਂ ਤੋਂ ਮੁਕਤ ਕਰਕੇ ਤਰਕਸ਼ੀਲ ਮਾਨਵਵਾਦ ਦਾ ਧਾਰਨੀ ਬਣਾਉਣਾ ਅਤੇ ਕੁਦਰਤੀ ਸ਼ਕਤੀਆਂ ਨੂੰ ਮਨੁੱਖੀ ਨਸਲ ਦੀ ਬਿਹਤਰੀ ਲਈ ਸਲੀਕੇ ਨਾਲ ਇਸਤੇਮਾਲ ਕਰਨਾ ਹੈ। ਪਰ ਇਸ ਦਾ ਮਨੁੱਖ ਵਿਰੋਧੀ ਖਾਸਾ ਸਥਾਪਤੀ ਵੱਲੋਂ ਤਕਨੀਕ ਅਤੇ ਗਿਆਨ ਦੀ ਜੁਗਤ ਦੁਆਰਾ ਕਮਜ਼ੋਰ ਵਰਗਾਂ ਅਤੇ ਪ੍ਰਕਿਰਤੀ ਦੀ ਅੰਨ੍ਹੀ ਲੁੱਟ-ਖਸੁੱਟ ਕਰਨਾ ਹੈ। ਪੂੰਜੀਵਾਦ, ਆਧੁਨਿਕਤਾ ਦੇ ਵਿਕਾਸ ਦੀ ਓਟ ਵਿਚ ਅਕਸਰ ਅਜਿਹਾ ਹੀ ਕਰਦਾ ਹੈ। ਪੂੰਜੀਵਾਦੀ ਸਾਮਰਾਜਵਾਦ ਇਸ ਲੁੱਟ-ਖਸੁੱਟ ਦੀ ਸਿਖਰ ਕਰ ਦਿੰਦਾ ਹੈ।

ਆਪਣੀ ਪੈਦਾਇਸ਼ ਸਮੇਂ ਪੂੰਜੀਵਾਦ ਦਾ ਮਨੁੱਖ-ਪੱਖੀ ਖਾਸਾ ਇਸੇ ਤੱਥ ਨਾਲ ਜੁੜਿਆ ਹੋਇਆ ਸੀ ਕਿ ਉਸ ਨੇ ਆਦਰਸ਼ਵਾਦੀ ਵਿਸ਼ਵ-ਦ੍ਰਿਸ਼ਟੀ ਦੇ ਧਾਰਨੀ ਸਾਮੰਤਵਾਦੀ ਵਰਗ ਨੂੰ ਵਿਸਥਾਪਤ ਕਰਕੇ ਮਨੁੱਖੀ ਵਿਕਾਸ ਅਤੇ ਆਜ਼ਾਦੀ ਲਈ ਨਵੇਂ ਰਾਹਾਂ ਦੀ ਖੋਜ ਕੀਤੀ। ਪਰ ਮੁਨਾਫ਼ੇ ਦੀ ਮੂੰਹ ਜ਼ੋਰ ਲਾਲਸਾ ਨੇ ਪੂੰਜੀਵਾਦੀ ਵਰਗ ਦਾ ਖਾਸਾ ਮਨੁੱਖ-ਵਿਰੋਧੀ ਬਣਾ ਦਿੱਤਾ। ਬਰਤਾਨਵੀ ਬਸਤੀਵਾਦੀ ਸਾਮਰਾਜ ਦਾ ਵਿਸਥਾਰ ਮੁਨਾਫ਼ੇ ਦੀ ਅੰਨ੍ਹੀ ਲਾਲਸਾ ਦਾ ਸਿੱਟਾ ਹੀ ਸੀ। ਇਸ ਲਈ ਈਸਟ ਇੰਡੀਆ ਕੰਪਨੀ ਦੇ ਰੂਪ 'ਚ ਇਥੇ ਆਏ ਅਤੇ ਰਾਜਸੀ ਸੱਤਾ ਹਥਿਆ ਕੇ

ਬੈਠ ਗਏ ਬਰਤਾਨਵੀ ਸ਼ਾਸ਼ਕ-ਵਰਗ ਨੂੰ ਪੱਛਮੀ ਆਧੁਨਿਕ ਚਿੰਤਨ ਦੀ ਸਾਕਾਰਾਤਮਕ ਪ੍ਰਵਿਰਤੀ ਦਾ ਪ੍ਰਤੀਨਿਧ ਮੰਨ ਸਕਣਾ ਭ੍ਰਾਂਤੀਮੂਲਕ ਹੋਵੇਗਾ। ਪੰਜਾਬੀ ਚਿੰਤਨ-ਪਰੰਪਰਾ ਦਾ ਰੁਖ ਕਿਉਂਕਿ ਪ੍ਰਾਚੀਨ ਕਾਲ ਤੋਂ ਹੀ ਮਨੁੱਖ-ਪੱਖੀ ਕਦਰਾਂ-ਕੀਮਤਾਂ ਵੱਲ ਰਿਹਾ ਸੀ ਅਤੇ ਉਸ ਨੂੰ ਬਿਦੇਸ਼ੀ ਹਮਲਾਵਰਾਂ ਦੀ ਲੋਟੂ-ਨੀਤੀ ਅਤੇ ਬ੍ਰਾਹਮਣਵਾਦੀ ਵਿਸ਼ਵ-ਦ੍ਰਿਸ਼ਟੀ ਨਾਲ ਨਿਰੰਤਰ ਸੰਘਰਸ਼ ਦੀ ਸਥਿਤੀ ਵਿਚੋਂ ਗੁਜ਼ਰਨਾ ਪਿਆ ਸੀ, ਇਸ ਲਈ ਉਸ ਨੂੰ ਬਸਤੀਵਾਦੀ ਚਿੰਤਨ ਦੀ ਦਿੱਖ ਅਤੇ ਤੱਤ ਵਿਚ ਨਿਖੇੜ ਕਰਨ ਲਈ ਦੇਰ ਨਾ ਲੱਗੀ। ਉਨ੍ਹਾਂ ਸਬੰਧੀ ਸ਼ਾਹ ਮੁਹੰਮਦ ਦੀ ਸਹਿਜ-ਬੋਧ ਵਿਚੋਂ ਆਈ ਇਹ ਟਿੱਪਣੀ ਸਾਰਗਰਭਿਤ ਹੈ :

ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰਦਾ,
ਸ਼ਾਹੂਕਾਰ ਦਾ ਪੁੱਤ ਗਮਾਸ਼ਤਾ ਈ।1

ਆਪਣੀ ਸਰਵੁੱਚਤਾ ਲਈ ਬ੍ਰਾਹਮਣਵਾਦ ਦਾ ਹਥਿਆਰ ਜਾਤ-ਪਾਤ ਦੀ ਦਰਜੇਬੰਦੀ, ਰਾਜਸੀ ਤਾਕਤ ਅਤੇ ਧਾਰਮਿਕ ਪ੍ਰਪੰਚ ਸੀ ਤਾਂ ਉਸੇ ਮਕਸਦ ਲਈ ਬਸਤੀਵਾਦੀਆਂ ਦਾ ਹਥਿਆਰ ਪੂੰਜੀ, ਰਾਜਤੰਤਰ ਅਤੇ ਤਕਨੀਕ ਬਣ ਗਏ। ਇਨ੍ਹਾਂ ਹਥਿਆਰਾਂ ਨਾਲ ਪਹਿਲਾਂ ਪੰਜਾਬ ਉਤੇ ਕਬਜ਼ਾ ਕਰਨ ਵਿਚ ਸਫਲਤਾ ਹਾਸਲ ਕੀਤੀ ਅਤੇ ਕਾਬਜ਼ ਹੁੰਦਿਆਂ ਹੀ ਇਨ੍ਹਾਂ ਦੀ ਵਰਤੋਂ ਸੱਤਾ ਨੂੰ ਮਜ਼ਬੂਤ ਅਤੇ ਚਿਰਸਥਾਈ ਬਣਾਉਣ ਲਈ ਸ਼ੁਰੂ ਹੋ ਗਈ। ਇਸ ਲਈ ਉਨ੍ਹਾਂ ਨੇ ਸਭ ਤੋਂ ਪਹਿਲਾਂ ਲੋਭੀ ਸਿੱਖ ਸਾਮੰਤਾਂ ਨੂੰ ਆਪਣਾ ਹਮਾਇਤੀ ਬਣਾਉਣਾ ਸ਼ੁਰੂ ਕੀਤਾ। “ਸਰਕਾਰ ਨੇ ਸਥਾਪਿਤ ਹੁੰਦਿਆਂ ਹੀ ਸਭ ਤੋਂ ਪਹਿਲਾਂ ਸਿੱਖ ਸਰਦਾਰਾਂ; ਜਿਨ੍ਹਾਂ ਨੇ ਪਿਛਲੀਆਂ ਲੜਾਈਆਂ ਵਿਚ ਹਿੱਸਾ ਨਹੀਂ ਲਿਆ ਸੀ, ਨੂੰ ਅਹੁਦਿਆਂ ਅਨੁਸਾਰ ਪੈਨਸ਼ਨਾਂ ਦਿੱਤੀਆਂ ਤੇ ਉਨ੍ਹਾਂ ਦੇ ਜੱਦੀ ਪਿੰਡਾਂ ਵਿਚ ਸਥਾਪਿਤ ਕਰ ਦਿੱਤਾ ਗਿਆ।”2 ਇਉਂ ਸ਼ਾਸ਼ਕ ਵਰਗ ਨੇ ਉਨ੍ਹਾਂ ਦੀ ਸਹਿਮਤੀ (consent) ਹਾਸਲ ਕਰ ਲਈ। ਨਾਲ ਹੀ ਜਨ-ਸਾਧਾਰਨ ਤੇ ਰਾਜਸੀ ਦਮਨ ਦਾ ਚੱਕਰ ਵੀ ਚਲਾ ਦਿੱਤਾ। **ਸਾਮਰਾਜ** ਵਿਰੁੱਧ ਰੋਹ ਦਾ ਜਜ਼ਬਾ ਰੱਖਣ ਵਾਲੇ ਭਾਈ ਮਹਾਰਾਜ ਸਿੰਘ ਵਰਗੇ ਵਿਰਲੇ-ਟਾਵੇਂ ਵਿਅਕਤੀਆਂ, ਜਿਨ੍ਹਾਂ ਦਾ ਸਿੱਖ ਸ਼ਾਹੀ ਪਰਿਵਾਰ ਦੇ ਨੇੜੇ ਰਹਿਣ ਕਰਕੇ ਚੰਗਾ ਮਾਨ-ਸਨਮਾਨ ਵੀ ਸੀ, ਨੂੰ ਕੈਦ ਜਾਂ ਜਲਾਵਤਨ ਕਰ ਦਿੱਤਾ ਗਿਆ।

ਸਿੱਖ ਫੌਜ, ਜਿਸ ਵਿਚ ਭਰਤੀ ਹੋਣਾ ਪੰਜਾਬ ਦੀ ਕਿਸਾਨੀ ਦਾ ਖੇਤੀ ਤੋਂ ਬਾਅਦ ਮਨਭਾਉਂਦਾ ਰੁਜ਼ਗਾਰ ਦਾ ਸਾਧਨ ਸੀ, ਦੀ ਛਾਂਟੀ ਸ਼ੁਰੂ ਕਰ ਦਿੱਤੀ ਗਈ ਅਤੇ ਕਿਸਾਨੀ ਉਤੇ ਨਗਦ ਮਾਮਲੇ ਦਾ ਬੋਝ ਪਾ ਦਿੱਤਾ ਗਿਆ। ਨਵੇਂ ਪ੍ਰਬੰਧ ਅਨੁਸਾਰ ਜ਼ਮੀਨ ਦੇ “ਮਾਲਕ ਨੇ ਵਿਅਕਤੀਗਤ ਤੌਰ ਤੇ ਨਹੀਂ, ਸਗੋਂ ਸਮੁੱਚੇ ਪਿੰਡ ਨੇ ਸਮਝੌਤਾ ਕੀਤਾ ਕਿ ਪੇਂਡੂ ਭਾਈਚਾਰਾ ਆਪਣੇ ਮੁਖੀਏ ਜਾਂ ਪ੍ਰਤੀਨਿਧ ਰਾਹੀਂ ਇਕ ਖਾਸ ਰਕਮ, ਖਾਸ ਸਾਲਾਂ ਲਈ, ਦੇਣ ਦਾ ਜ਼ਿੰਮਾ ਲੈਂਦਾ ਹੈ ਅਤੇ ਫਿਰ ਪਿੰਡ ਵਾਲੇ ਉਹ ਰਕਮ ਆਪਸ ਵਿਚ ਵੰਡ ਲੈਂਦੇ ਹਨ।”3

ਹਕੂਮਤ ਵੱਲੋਂ ਪਹਿਲ ਪੰਜਾਬ ਦੇ ਵਿਕਾਸ ਦੀ ਥਾਂ ਆਪਣੇ ਮੁਨਾਫ਼ੇ ਨੂੰ ਮਿਲਨ ਲਗਦੀ ਹੈ। ਮੱਧਕਾਲੀਨ ਰਾਜਸ਼ਾਹੀ ਦੀ ਥਾਂ ਅਦਾਲਤੀ ਨਿਆਂ-ਪ੍ਰਣਾਲੀ ਕਾਇਮ ਕੀਤੀ ਜਾਂਦੀ ਹੈ ਪਰ ਅਦਾਲਤਾਂ ਅਤੇ ਕਾਨੂੰਨ ਉਸ ਵਰਗ ਦੇ ਹਿਤਾਂ ਅਨੁਸਾਰ ਕੰਮ ਕਰਨ ਲਗਦੇ ਹਨ ਜਿਹੜਾ ਸਥਾਪਤੀ ਲਈ ਲਾਹੇਵੰਦਾ ਹੁੰਦਾ ਹੈ। ਮੁਢਲੇ ਦੌਰ ’ਚ ਹੀ ਅੰਗਰੇਜ਼ੀ ਕਾਨੂੰਨ ਸ਼ਾਹੂਕਾਰਾਂ ਦੇ ਹੱਕ ’ਚ ਭੁਗਤਦਾ ਹੈ। “ਬਰਤਾਨਵੀ ਇਨਸਾਫ਼ ਦੇ ਢਾਂਚੇ ਵਾਲੀਆਂ ਅਦਾਲਤਾਂ ਸ਼ਾਹੂਕਾਰ ਦੀਆਂ ਲਿਖਤਾਂ ਅਤੇ ਵਹੀਖਾਤੇ ਨੂੰ ਕਰਜ਼ੇ ਦਾ ਨਿੱਗਰ ਸਬੂਤ ਮੰਨ ਲੈਂਦੀਆਂ ਅਤੇ ਅਜਿਹੀ ਝੂਠੀ ਗਵਾਹੀ ਤੇ, ਜਿਹੜੀ ਲਹਿਣੇਦਾਰ ਅਦਾਲਤ ਵਿਚ ਪੇਸ਼ ਕਰਦਾ, ਕੁਰਕੀ ਦਾ ਹੁਕਮ ਦੇ ਦਿੰਦੀਆਂ ਸਨ।”4

ਆਪਣੇ ਆਰਥਿਕ ਸੰਕਟ ਤੋਂ ਨਵਿਰਤੀ ਲਈ ਪੰਜਾਬੀ ਕਿਸਾਨ ਅੰਗਰੇਜ਼ੀ ਫੌਜ ’ਚ ਭਰਤੀ ਦਾ ਰਾਹ ਤਲਾਸ਼ਦੇ ਪਰ ਫੌਜ ਵਿਚ ਵੀ ਸਪੱਸ਼ਟ ਵਿਤਕਰਾ ਨਜ਼ਰ ਆਉਂਦਾ। ਭਾਰਤੀ ਹੋਣ ਕਰਕੇ ਉਨ੍ਹਾਂ ਦੀ ਤਰੱਕੀ ਵੱਧ ਤੋਂ ਵੱਧ ਸੂਬੇਦਾਰ ਮੇਜਰ ਤੱਕ ਹੋ ਸਕਦੀ ਜਦੋਂ ਕਿ ਅੰਗਰੇਜ਼ ਸਿੱਧੇ ਕਮਿਸ਼ਨ ਲੈ ਕੇ ਸੈਕਿੰਡ ਲੈਫਟੀਨੈਂਟ ਵਜੋਂ ਭਰਤੀ ਹੁੰਦੇ। ਉਨ੍ਹਾਂ ਦੀ ਮੈੱਸ ਵੀ ਭਾਰਤੀ ਫੌਜੀਆਂ ਤੋਂ ਵੱਖਰੀ ਹੁੰਦੀ। ਇਹ ਦਰਜੇਬੰਦੀ ਨਸਲੀ ਵੀ ਸੀ ਅਤੇ ਸੱਤਾਵਾਨ ਤੇ ਸੱਤਾਹੀਣ ਦੀ ਵੀ ਸੀ।

ਹਰ ਦਮਨ ਅਤੇ ਵਿਤਕਰੇ ਦੇ ਬਾਵਯੂਦ ਪੰਜਾਬੀ ਵਿਅਕਤੀ 1857 ਈ. ਦੇ ਗਦਰ, ਜਿਸਨੂੰ ਭਾਰਤੀ ਸੁਤੰਤਰਤਾ ਦਾ ਪਹਿਲਾ ਸੰਗਰਾਮ ਵੀ ਕਿਹਾ ਜਾਂਦਾ ਹੈ, ਸਮੇਂ ਬਰਤਾਨਵੀ ਹਕੂਮਤ ਦੇ ਹੱਕ ਵਿਚ ਭੁਗਤਿਆ ਕਿਉਂਕਿ ਉਸ ਨੂੰ ਮੁਗਲ ਸਾਮਰਾਜ ਦੀ ਪੁਨਰ-ਸਥਾਪਤੀ ਵੀ ਸਵੀਕਾਰ ਨਹੀਂ ਸੀ। “ਕਿਉਂਕਿ ਦਿੱਲੀ ਅਤੇ ਮੇਰਠ ਦੇ ਵਿਦਰੋਹੀਆਂ ਨੇ ਇਹ ਐਲਾਨ ਕੀਤਾ ਸੀ ਕਿ ਮੁਗਲ ਹਕੂਮਤ ਬਹਾਲ ਕੀਤੀ ਜਾਵੇਗੀ। ਇਸ ਲਈ

ਸਿੱਖਾਂ ਨੇ, ਜਿਨ੍ਹਾਂ ਦੇ ਜੀਵਨ ਮੁਗਲ ਹਾਕਮਾਂ ਵੱਲੋਂ ਢਾਏ ਗਏ ਉਨ੍ਹਾਂ ਦੇ ਵੱਡੇ ਵਡੇਰਿਆਂ ਉਪਰ ਜ਼ੁਲਮ ਦੀਆਂ ਕਹਾਣੀਆਂ ਤੇ ਪਲੇ ਸਨ, ਬਹਾਦਰ ਸ਼ਾਹ ਦੇ ਐਲਾਨ ਪ੍ਰਤੀ ਬਹੁਤ ਤਿੱਖਾ ਪ੍ਰਤੀਕਰਮ ਦਰਸਾਇਆ।"5

ਗਦਰ ਦੇ ਰੂਪ 'ਚ ਮਿਲੇ ਝਟਕੇ ਨੇ ਬਰਤਾਨਵੀ ਬਸਤੀਵਾਦੀ ਹਕੂਮਤ ਨੂੰ ਇਹ ਸੰਕੇਤ ਜ਼ਰੂਰ ਦੇ ਦਿੱਤਾ ਕਿ ਦਮਨ ਅਤੇ ਸ਼ੋਸ਼ਨ ਦੀ ਨੀਤੀ ਦੇ ਨਾਲ ਨਾਲ ਆਮ ਲੋਕਾਂ ਦੀ ਸਹਿਮਤੀ ਜਿੱਤਣ ਦੀ ਜੁਗਤ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਇਸ ਲਈ ਇਕ ਪਾਸੇ ਇਸਾਈ ਪਾਦਰੀ ਵਰਗ ਦੀ ਮੱਦਦ ਨਾਲ ਜਨ-ਸਾਧਾਰਨ ਦੇ ਅਵਚੇਤਨ ਨੂੰ ਸਥਾਪਤੀ-ਪੱਖੀ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣ ਲੱਗੀਆਂ ਅਤੇ ਦੂਜੇ ਪਾਸੇ ਆਪਣਾ ਮਾਨਵ-ਪੱਖੀ ਆਧੁਨਿਕ ਅਕਸ ਉਭਾਰਨ ਲਈ ਆਧੁਨਿਕ ਭਾਂਤ ਦੇ ਵਿਕਾਸ ਦਾ ਪ੍ਰਭਾਵ ਦੇਣਾ ਸ਼ੁਰੂ ਕੀਤਾ। ਸਿੱਟੇ ਵਜੋਂ ਚੋਣਵੇਂ ਥਾਵਾਂ ਤੇ ਰੇਲ ਮਾਰਗਾਂ, ਸਕੂਲਾਂ, ਹਸਪਤਾਲਾਂ, ਮੰਡੀਆਂ, ਅਦਾਲਤਾਂ, ਡਾਕ-ਤਾਰ ਸੇਵਾਵਾਂ ਅਤੇ ਛਾਪੇਖਾਨੇ ਦੇ ਰੂਪ 'ਚ ਆਧੁਨਿਕਮੁਖੀ ਪ੍ਰਬੰਧ ਦਾ ਵਿਸਥਾਰ ਕੀਤਾ ਜਾਣ ਲੱਗ ਪਿਆ।

ਫਿਰ ਵੀ ਬਸਤੀਵਾਦੀ ਬਰਤਾਨਵੀ ਸਾਮਰਾਜ ਦੇ ਵਿਕਾਸਮੁਖੀ ਆਧੁਨਿਕਵਾਦ ਵਾਲੇ ਮਖੌਟੇ ਹੇਠਾਂ ਉਸ ਦਾ ਅਸਲੀ ਚਿਹਰਾ ਬਹੁਤਾ ਸਮਾਂ ਛੁਪ ਨਾ ਸਕਿਆ ਸਗੋਂ ਬਹੁਤ ਛੇਤੀ ਸਭਿਆਚਾਰਕ ਸਰਵੋਤਮਵਾਦ ਦੇ ਰੂਪ 'ਚ ਉਜਾਗਰ ਹੋ ਗਿਆ। ਇਸ ਨਾਲ ਇਹ ਧਾਰਨਾ ਉਭਰੀ ਕਿ ਭਾਰਤੀ/ਪੰਜਾਬੀ ਸਭਿਆਚਾਰ ਪਛੜੇਵੇਂ ਤੋਂ ਸਿਵਾ ਹੋਰ ਕੁਝ ਨਹੀਂ ਅਤੇ ਪੱਛਮੀ ਸਭਿਆਚਾਰ ਨੂੰ ਅਪਨਾਉਣ ਨਾਲ ਹੀ ਪੰਜਾਬੀਆਂ/ਭਾਰਤੀਆਂ ਦੀ ਕਾਇਆ-ਕਲਪ ਹੋ ਸਕਦੀ ਹੈ। ਇਸ ਦਿਸ਼ਾ ਵੱਲ ਮੁਢਲੇ ਯਤਨਾਂ ਵਜੋਂ ਪੰਜਾਬ ਦੇ ਈਸਾਈਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਂਦੀ ਹੈ। "ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਏ ਜਾਣ ਪਿੱਛੋਂ ਈਸਾਈ ਪਾਦਰੀਆਂ ਨੇ ਆਪਣਾ ਜਾਲ ਲਾਹੌਰ, ਅੰਮ੍ਰਿਤਸਰ ਅਤੇ ਪੰਜਾਬ ਦੇ ਹੋਰ ਜ਼ਿਲਿਆਂ ਤੱਕ ਫੈਲਾਅ ਦਿੱਤਾ। ਉਨ੍ਹਾਂ ਨੂੰ ਲੱਗਾ ਕਿ ਸਿੱਖਾਂ ਨੂੰ ਈਸਾਈ ਬਣਾਉਣ ਦੇ ਆਸਾਰ ਸੁਖਾਵੇਂ ਹਨ। ਇਸ ਲਈ ਉਹ ਸਿੱਖਾਂ ਵੱਲ ਵਿਸ਼ੇਸ਼ ਧਿਆਨ ਦੇਣ ਲੱਗੇ। 1853 ਵਿਚ ਮਹਾਰਾਜਾ ਦਲੀਪ ਸਿੰਘ ਵੱਲੋਂ ਈਸਾਈ ਧਰਮ ਅਪਨਾਉਣ ਅਤੇ ਕਪੂਰਥਲਾ ਦੇ ਸਿੱਖ ਰਾਜੇ ਵੱਲੋਂ ਪਾਦਰੀਆਂ ਨੂੰ ਸੱਦਾ-ਪੱਤਰ ਭੇਜਣ, ਜੋ ਇਕ ਭਾਰਤੀ ਹਾਕਮ ਵੱਲੋਂ ਇਹੋ ਜਿਹਾ ਸਭ ਤੋਂ ਪਹਿਲਾ ਸੱਦਾ-ਪੱਤਰ ਸੀ, ਨਾਲ ਉਨ੍ਹਾਂ ਦਾ ਉਮੀਦ ਭਰਿਆ ਆਰੰਭ ਹੋ ਗਿਆ ਸੀ।"6

ਇਸ ਸਭਿਆਚਾਰਕ ਸਰਵੋਤਮਵਾਦ ਦੇ ਵਿਰੋਧ ਨੇ ਪੰਜਾਬ ਦੀਆਂ ਪੁਨਰ-ਜਾਗਰਨ ਦੀਆਂ ਲਹਿਰਾਂ ਨੂੰ ਨਵਾਂ ਹੁਲਾਰਾ ਦਿੱਤਾ। ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ ਆਦਿ ਆਪਣੇ ਧਾਰਮਿਕ ਢੰਗ-ਤਰੀਕਿਆਂ ਨਾਲ ਇਸ ਸਭਿਆਚਾਰਕ ਸਰਵੋਤਮਵਾਦ ਦੇ ਵਿਰੁੱਧ ਨਿਰੰਤਰ ਸੰਘਰਸ਼ਸ਼ੀਲ ਰਹੀਆਂ। ਇਨ੍ਹਾਂ ਨੇ ਸਾਮੰਤੀਕਰਨ ਦੀ ਪ੍ਰਕਿਰਿਆ 'ਚ ਪਈ ਸਿੱਖ-ਲਹਿਰ ਦੇ ਜੁਝਾਰੂ ਤੱਤ-ਰੂਪ ਨੂੰ ਉਭਾਰਨ ਲਈ ਹੰਭਲਾ ਮਾਰਿਆ ਅਤੇ ਨਾਲ ਹੀ ਬਸਤੀਵਾਦੀ ਹਕੂਮਤ ਦੇ ਮਨੁੱਖ-ਵਿਰੋਧੀ ਆਧੁਨਿਕਵਾਦ ਦਾ ਸਵਦੇਸੀਵਾਦੀ ਪ੍ਰਤੀਉਤਰ ਸਿਰਜਣ ਦਾ ਯਤਨ ਕੀਤਾ। ਪੰਜਾਬ ਦੀ ਨਵ-ਜਾਗਰਨ ਲਹਿਰ ਦਾ ਰਾਜਸੀ ਰੂਪ ਉਸ ਸਮੇਂ ਉਭਰਿਆ ਜਦੋਂ ਅਕਾਲੀ ਲਹਿਰ ਨੇ ਸਰਕਾਰ ਦੇ ਪਿੱਠੂ ਮਹੰਤਾਂ ਕੋਲੋਂ ਗੁਰਦੁਆਰੇ ਆਜ਼ਾਦ ਕਰਾਉਣ ਲਈ ਸਥਾਪਤੀ ਵਿਰੁੱਧ ਸਿੱਧਾ ਰਾਜਸੀ ਸੰਘਰਸ਼ ਵਿੱਢ ਲਿਆ। "ਨਨਕਾਣਾ ਸਾਹਿਬ ਦੇ ਕਤਲਿਆਮ ਨੇ ਸਿੱਖਾਂ ਵਿਚ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ। ਆਮ ਸਿੱਖਾਂ ਨੂੰ ਇਸ ਗੱਲ ਦਾ ਪੱਕਾ ਵਿਸ਼ਵਾਸ ਸੀ ਕਿ ਜੇ ਸਰਕਾਰ ਨੇ ਮਹੰਤ ਨੂੰ ਸ਼ਹਿ ਨਹੀਂ ਦਿੱਤੀ ਸੀ ਤਾਂ ਇਸ ਵਿਚ ਸਰਕਾਰ ਦੀ ਮਿਲੀਭੁਗਤ ਜ਼ਰੂਰ ਸੀ। ਪੰਜਾਬ ਦੇ ਗਵਰਨਰ, ਸਰ ਐਡਵਰਡ ਮੈਕਲੈਗਨ, ਵੱਲੋਂ ਘਟਨਾ ਦੀ ਸਖ਼ਤ ਨਿਖੇਧੀ ਕਰਨ ਅਤੇ ਇਕ ਨਿਰਪੱਖ ਪੜਤਾਲ ਦੇ ਆਦੇਸ਼ ਦੇਣ ਦੇ ਬਾਵਜੂਦ ਸਰਕਾਰ ਵਿਰੁੱਧ ਸ਼ੱਕ ਘੱਟ ਨਾ ਹੋਇਆ।"7

ਬਸਤੀਵਾਦੀ ਹਕੂਮਤ ਆਪਣੀ ਰਾਜਸੀ ਅਤੇ ਸਭਿਆਚਾਰਕ ਸੱਤਾ ਨੂੰ ਬਣਾਈ ਰੱਖਣ ਅਤੇ ਮੁਨਾਫ਼ੇ ਦੀ ਦਰ ਵਧਾਉਣ ਲਈ ਅਨੇਕਾਂ ਸਥੂਲ ਅਤੇ ਸੂਖ਼ਮ ਵਿਧੀਆਂ ਦੀ ਵਰਤੋਂ ਕਰਨ ਲਗਦੀ ਹੈ। ਭਾਰਤ ਵਿਚੋਂ ਕੱਚਾ ਮਾਲ ਲਿਜਾ ਕੇ ਉਸ ਦੀ ਤਿਆਰ ਕਿਸਮ ਨੂੰ ਭਾਰਤੀ ਬਾਜ਼ਾਰਾਂ ਵਿਚ ਵੇਚਣ ਦਾ ਅਮਲ ਜੱਗ-ਜ਼ਾਹਰ ਹੈ। ਇਸ ਨਾਲ ਅੰਗਰੇਜ਼ ਵਪਾਰੀ ਦਾ ਮੁਨਾਫ਼ਾ ਤਾਂ ਵਧਦਾ ਹੀ ਹੈ, ਨਾਲ ਨਾਲ ਸਥਾਨਕ ਦਸਤਕਾਰੀ ਵੀ ਪਤਨਗ੍ਰਸਤ ਹੋ ਜਾਂਦੀ ਹੈ। ਸੂਖ਼ਮ ਪੱਧਰ ਤੇ ਪੰਜਾਬ/ਭਾਰਤ ਦੀ ਸਭਿਆਚਾਰਕ ਪਛਾਣ ਖਤਮ ਕਰਨ ਲਈ ਅਜਿਹੀਆਂ ਭ੍ਰਾਂਤੀਆਂ ਸਿਰਜੀਆਂ ਜਾਂਦੀਆਂ ਹਨ ਜਿਹੜੀਆਂ ਸਥਾਨਕ ਲੋਕਾਂ ਅੰਦਰ ਹੀਣ-ਭਾਵਨਾ ਜਗਾਉਣ ਵਾਲੀਆਂ ਹੁੰਦੀਆਂ ਹਨ। ਇਨ੍ਹਾਂ ਭ੍ਰਾਂਤੀਆਂ ਦਾ ਖੇਤਰ ਪਹਿਰਾਵਾ, ਧਰਮ, ਭਾਸ਼ਾ, ਰੰਗ, ਵਿਦਿਆ ਆਦਿ ਸਭ ਕੁਝ ਨੂੰ ਆਪਣੀ ਵਲਗਣ ਵਿਚ ਵਲ ਲੈਂਦਾ ਹੈ। ਹਰੇਕ ਪੱਖੋਂ ਪੰਜਾਬੀ ਜਾਂ ਭਾਰਤੀ ਜੀਵਨ-ਜਾਚ ਪੱਛਮੀ ਜੀਵਨ-ਸ਼ੈਲੀ ਸਾਹਮਣੇ ਨਿਗੂਣੀ,

ਅਵਿਕਸਤ ਅਤੇ ਪਛੜੇਵੇਂ ਵਾਲੀ ਸਿੱਧ ਕੀਤੀ ਜਾਂਦੀ ਹੈ। "ਬਸਤੀਵਾਦੀ ਹਕੂਮਤ ਆਪਣੇ ਅਧੀਨ ਲੋਕਾਂ ਉਤੇ ਸਿਰਫ ਆਪਣੀ ਪਕੜ ਹੋ ਜਾਣ ਨਾਲ ਹੀ ਸੰਤੁਸ਼ਟ ਨਹੀਂ ਹੁੰਦੀ ਸਗੋਂ ਇਸ ਦਾ ਮੰਤਵ ਬਸਤੀ ਬਣੇ ਲੋਕਾਂ ਦੇ ਦਿਮਾਗ ਵਿਚਲਾ ਸਭ ਕੁਝ ਹੀ ਬਦਲ ਦੇਣ ਦਾ ਹੁੰਦਾ ਹੈ। ਉਲਟੇ ਤਰਕਾਂ ਨਾਲ ਇਹ ਉਨ੍ਹਾਂ ਲੋਕਾਂ ਦਾ ਅਤੀਤ ਵੀ ਬਦਲ ਦਿੰਦੀ ਹੈ ਅਤੇ ਉਸ ਨੂੰ ਬੁਰੀ ਤਰ੍ਹਾਂ ਵਿਗਾੜ ਕਿ ਬੇਚੇਹਰਾ ਬਣਾਉਂਦਿਆਂ ਤਹਿਸ਼-ਨਹਿਸ਼ ਕਰ ਦੰਦੀ ਹੈ।"8 ਬਸਤੀਵਾਦੀ ਵਰਗ ਦੀਆਂ ਇਹ ਭ੍ਰਾਂਤੀਆਂ ਉਸ ਸਮੇਂ ਨੰਗੇ-ਚਿੱਟੇ ਰੂਪ ਵਿਚ ਉਜਾਗਰ ਹੋ ਜਾਂਦੀਆਂ ਹਨ ਜਦੋਂ ਅੰਗਰੇਜ਼ੀ ਮਾਧਿਅਮ ਰਾਹੀਂ ਸਿੱਖਿਆ ਗ੍ਰਹਿਣ ਕਰਨ ਵਾਲਾ ਭਾਰਤੀ/ ਪੰਜਾਬੀ ਮੱਧਵਰਗ ਪੱਛਮ ਦੇ ਮੂਲ ਆਧੁਨਿਕ ਚਿੰਤਨ ਨਾਲ ਸਾਂਝ ਵਧਾਉਂਦਾ ਹੈ। ਇਸ ਨਾਲ ਉਹ ਮੱਧਵਰਗ ਆਧੁਨਿਕ ਚਿੰਤਨ ਦੇ ਨਿਆਂ, ਬਰਾਬਰੀ, ਆਜ਼ਾਦੀ ਆਦਿ ਵਰਗੇ ਮਾਨਵਵਾਦੀ ਸੰਕਲਪਾਂ ਦੇ ਸਨਮੁੱਖ ਹੁੰਦਾ ਹੈ। ਆਧੁਨਿਕ ਮਾਨਵਵਾਦ ਦਾ ਇਹ ਚਿਹਰਾ ਭਾਰਤ ਵਿਚਲੀ ਬਸਤੀਵਾਦੀ ਬਰਤਾਨਵੀ ਹਕੂਮਤ ਦੇ ਉਸ ਚਿਹਰੇ ਨਾਲੋਂ ਮੂਲੋਂ ਭਿੰਨ ਦਿਸਦਾ ਹੈ ਜਿਸ ਦੀ ਕਰੂਪਤਾ ਦਮਨ, ਵਿਤਕਰੇ, ਊਚ-ਨੀਚ ਅਤੇ ਸਵਾਰਥ ਦੀ ਸ਼ਕਲ ਵਿਚ ਪ੍ਰਤੱਖ ਨਜ਼ਰ ਆਉਂਦੀ ਸੀ। ਇਸ ਵਾਸਤਵਿਕਤਾ ਦਾ ਤੀਖਣ ਬੋਧ ਭਾਰਤੀ ਸੁਤੰਤਰਤਾ ਸੰਗਰਾਮ ਨੂੰ ਪ੍ਰਚੰਡ ਕਰਦਾ ਹੈ।

ਪੰਜਾਬ ਵਿਚ ਪੁਨਰ-ਜਾਗਰਨ ਦੀਆਂ ਲਹਿਰਾਂ ਆਪਣੇ ਵਿਸ਼ੇਸ਼ ਪਿਛੋਕੜ ਕਰਕੇ ਧਾਰਮਿਕ ਮੁਹਾਵਰੇ ਰਾਹੀਂ ਸੰਚਾਰ ਕਰਨ ਵਾਲੀਆਂ ਸਨ ਪਰ ਬਾਅਦ ਵਿਚ ਧਰਮ-ਨਿਰਪੱਖ ਲਹਿਰਾਂ, ਜੋ ਨਿਸਚੇ ਹੀ ਵਿਸ਼ਵ ਵਿਚ ਮਾਰਕਸਵਾਦ ਦੇ ਵਧਦੇ ਪ੍ਰਭਾਵਾਂ ਦੀ ਉਪਜ ਸਨ, ਵੀ ਸੁਤੰਤਰਤਾ ਸੰਗਰਾਮ ਵਿਚ ਸ਼ਾਮਿਲ ਹੋ ਜਾਂਦੀਆਂ ਹਨ। ਕਿਰਤੀ ਕਿਸਾਨ ਲਹਿਰ, ਗਦਰ ਲਹਿਰ ਆਦਿ ਅਜਿਹੀਆਂ ਲਹਿਰਾਂ ਸਨ ਜਿਨ੍ਹਾਂ ਨੇ ਬਰਤਾਨਵੀ ਸਾਮਰਾਜ ਦਾ ਵਿਰੋਧ ਪੰਜਾਬ ਦੇ ਕਿਸਾਨ-ਮਜ਼ਦੂਰ (ਪ੍ਰੋਲਤਾਰੀ) ਦੇ ਨਜ਼ਰੀਏ ਤੋਂ ਕੀਤਾ। ਇਸ ਦ੍ਰਿਸ਼ਟੀਕੋਣ ਤੋਂ ਵੇਖਿਆਂ ਇਹ ਪੂੰਜੀਵਾਦੀ ਸਾਮਰਾਜ ਸ਼ੋਸ਼ਣਕਾਰੀ, ਅਨੈਤਿਕ, ਦਮਨਕਾਰੀ ਅਤੇ ਲੋਕ-ਵਿਰੋਧੀ ਨਜ਼ਰ ਆਉਂਦਾ ਹੈ।

ਰਾਸ਼ਟਰਵਾਦੀ ਚੇਤਨਾ ਦੇ ਉਭਾਰ ਅਧੀਨ ਕੀਤੇ ਸੁਤੰਤਰਤਾ ਸੰਗਰਾਮ ਦੇ ਸਿੱਟੇ ਵਜੋਂ ਅੰਤ 1947 ਈ. ਵਿਚ ਭਾਰਤ/ਪੰਜਾਬ ਆਜ਼ਾਦ ਹੋ ਗਿਆ ਪਰ ਧਰਮ ਦੇ ਆਧਾਰ ਉਤੇ ਭਾਰਤ ਦੀ ਵੰਡ ਹੋਣ ਨਾਲ ਪਾਕਿਸਤਾਨ ਬਣਨ ਦੀ ਘਟਨਾ ਨੇ ਬਰਤਾਨਵੀ ਬਸਤੀਵਾਦ ਦਾ ਫਿਰਕੂ ਰੂਪ ਵੀ ਪ੍ਰਤੱਖ ਕਰ ਦਿੱਤਾ। ਪੰਜਾਬ ਦੋ ਭਾਗਾਂ ਵਿਚ ਵੰਡਿਆ ਗਿਆ। ਸੰਪਰਦਾਇਕ ਕਤਲੇਆਮ ਅਤੇ ਉਜਾੜੇ ਨੇ ਪੰਜਾਬ ਦੀ ਸੰਵੇਦਨਾ ਨੂੰ ਉਹ ਜ਼ਖ਼ਮ ਦਿੱਤੇ ਕਿ ਇਸਦੀ ਮਾਨਵਪੱਖੀ ਵਿਚਾਰਧਾਰਾ ਇਕ ਵਾਰੀ ਸੁੰਨ ਹੋ ਕੇ ਰਹਿ ਗਈ।

ਆਜ਼ਾਦ ਭਾਰਤ ਵਿਚ ਪੰਜਾਬ ਨੂੰ ਇਕ ਪ੍ਰਾਂਤ ਦਾ ਦਰਜਾ ਮਿਲਿਆ ਪਰ ਨਿਆਂ ਦਾ ਅਹਿਸਾਸ ਨਾ ਪ੍ਰਾਪਤ ਹੋਇਆ, ਕਿਉਂਕਿ ਭਾਸ਼ਾ ਦੇ ਆਧਾਰ ਤੇ ਸੂਬਿਆਂ ਦੇ ਪੁਨਰਗਠਨ ਵਾਲਾ ਮਾਡਲ ਪੰਜਾਬ ਲਈ ਦਿਆਨਤਦਾਰੀ ਨਾਲ ਨਾ ਵਰਤਿਆ ਗਿਆ। ਇਸ ਨਾਲ ਸਿੱਖ ਵਰਗ, ਜਿਹੜਾ ਠੋਸ ਕਾਰਨਾਂ ਕਰਕੇ ਆਪਣੇ ਆਪ ਨੂੰ ਪੂਰਬੀ ਪੰਜਾਬ ਦਾ ਅਸਲੀ ਵਾਰਸ ਤਸੱਵੁਰ ਕਰਦਾ ਸੀ, ਨੂੰ ਸੱਤਾ ਵਿਚ ਲੋੜੀਂਦੀ ਭਾਈਵਾਲੀ ਪ੍ਰਾਪਤ ਹੋਣ ਦੀ ਆਸ ਨਜ਼ਰ ਨਾ ਆਈ। ਇਹ ਰਾਜਸੀ ਬੇਚੈਨੀ ਪੰਜਾਬੀ ਸੂਬੇ ਦੇ ਮੋਰਚੇ ਰਾਹੀਂ ਪ੍ਰਗਟ ਹੋਈ। "ਦੇਸ਼ ਦੀ ਵੰਡ ਤੋਂ ਬਾਅਦ ਦੇ ਦੋ ਸਾਲਾਂ ਦੌਰਾਨ ਸਿੱਖਾਂ ਨਾਲ ਕੀਤਾ ਗਿਆ ਸਲੂਕ ਅਕਾਲੀ ਲੀਡਰਸ਼ਿਪ ਨੂੰ ਆਪਣੇ ਭਵਿੱਖ ਬਾਰੇ ਮੁੜ ਵਿਚਾਰਨ ਤੱਕ ਖਿੱਚ ਕੇ ਲੈ ਗਿਆ। ਇਹ ਸਮਾਂ ਸੀ ਜਦੋਂ ਅਪ੍ਰੈਲ 1949 ਵਿਚ ਅੰਮ੍ਰਿਤਸਰ ਵਿਚ ਇਕ ਵਿਸ਼ਾਲ ਕਨਵੈਨਸ਼ਨ ਬੁਲਾਈ ਗਈ, ਜਿਸ ਵਿਚ ਹਰ ਖੇਤਰ ਨਾਲ ਸਬੰਧਿਤ ਸਿੱਖਾਂ, ਰਾਜਨੀਤੀਵਾਨਾਂ, ਅਧਿਆਪਕਾਂ, ਵਪਾਰੀਆਂ, ਡਾਕਟਰਾਂ, ਵਕੀਲਾਂ ਅਤੇ ਹੋਰ ਉੱਘੇ ਲੋਕਾਂ ਨੂੰ ਸੱਦਿਆ ਗਿਆ। ਇਸ ਕਨਵੈਨਸ਼ਨ ਵਿਚ ਮਾਸਟਰ ਤਾਰਾ ਸਿੰਘ ਅਤੇ ਹੋਰ ਅਕਾਲੀ ਲੀਡਰਾਂ ਦੀ ਗ੍ਰਿਫ਼ਤਾਰੀ ਦੀ ਨਿਖੇਧੀ ਕੀਤੀ ਗਈ ਅਤੇ ਸ਼ੁੱਧ ਰੂਪ ਵਿਚ ਭਾਸ਼ਾਈ ਅਧਾਰ ਉਤੇ ਅਧਾਰਿਤ ਪੰਜਾਬੀਆਂ ਵੱਲੋਂ ਇਕ ਭਾਸ਼ਾਈ ਸੂਬੇ ਦੀ ਕਾਇਮੀ ਦੀ ਮੰਗ ਵੀ ਕੀਤੀ ਗਈ।"9 **ਕਿਉਂਕਿ** ਕੇਂਦਰ ਵਿਚਲੀ ਕਾਂਗਰਸ ਸਰਕਾਰ ਆਪਣੇ ਧਾਰਮਿਕ ਖਾਸੇ ਕਾਰਨ ਹਿੰਦੂ ਬਹੁ-ਗਿਣਤੀ ਨਾਲ ਸਬੰਧਿਤ ਹੋ ਜਾਂਦੀ ਸੀ ਇਸ ਲਈ ਸਿੱਖ ਆਧਾਰਾਂ ਵਾਲੇ ਅਕਾਲੀ ਦਲ ਵੱਲੋਂ ਲਾਇਆ ਗਿਆ ਮੋਰਚਾ ਹਿੰਦੂ-ਸਿੱਖ ਤਣਾਅ ਦੇ ਅਰਥ ਵੀ ਦੇਣ ਲੱਗ ਪਿਆ। 1966 ਈ. ਵਿਚ ਪੰਜਾਬੀ ਸੂਬੇ ਦੇ ਪੁਨਰ-ਗਠਨ ਉਪਰੰਤ ਵੀ ਇਹ ਤਣਾਅ ਸੁਲਝ ਨਹੀਂ ਸਕਿਆ ਸਗੋਂ ਪੰਜਾਬੀ-ਭਾਸ਼ੀ ਇਲਾਕੇ ਪੰਜਾਬ ਤੋਂ ਬਾਹਰ ਛੱਡ ਦਿੱਤੇ ਜਾਣ ਕਰਕੇ ਅਤੇ ਪੰਜਾਬ ਨੂੰ ਦੋ-ਭਾਸ਼ੀ ਪ੍ਰਾਂਤ ਬਨਾਉਣ ਦੀਆਂ ਨੀਤੀਆਂ ਕਾਰਨ ਹੋਰ ਜਟਿਲ ਸਰੂਪ ਧਾਰਨ ਕਰ ਗਿਆ। ਹਰੀ ਕ੍ਰਾਂਤੀ ਨਾਲ ਉਭਰੀ ਧਨੀ ਕਿਸਾਨੀ ਦੇ ਰਾਜਸੀ ਰੂਪਾਂਤਰਨ ਪਿੱਛੋਂ ਉਸ ਦੀ ਰਾਜਸੀ ਸੱਤਾ ਦੀ

ਭੁੱਖ ਹੋਰ ਤੇਜੀ ਨਾਲ ਚਮਕ ਉਠੀ। ਫਲਸਰੂਪ 1982 ਵਿਚ ਅਕਾਲੀ ਦਲ ਵੱਲੋਂ ਆਰਥਿਕ ਮੁੱਦੇ ਨੂੰ ਲੈ ਕੇ ਸ਼ੁਰੂ ਕੀਤੇ ਗਏ ਧਰਮ-ਯੁੱਧ ਮੋਰਚੇ ਪਿੱਛੋਂ ਗਰਮ ਦਲੀਏ ਅਕਾਲੀ ਵਰਗਾਂ ਕਾਰਨ ਇਹ ਤਣਾਅ ਇਕ ਆਜ਼ਾਦ ਮੁਲਕ ਖਾਲਿਸਤਾਨ ਦੀ ਮੰਗ ਤੱਕ ਵੀ ਚਲਾ ਗਿਆ ਸੀ।

ਪੰਜਾਬ ਦੀਆਂ ਧਰਮ-ਨਿਰਪੱਖ ਪਾਰਟੀਆਂ ਜਿਨ੍ਹਾਂ ਵਿਚ ਉਲੇਖਯੋਗ ਕਮਿਊਨਿਸਟ ਵਿਚਾਰਧਾਰਾ ਨਾਲ ਸਬੰਧਿਤ ਪਾਰਟੀਆਂ ਹਨ, ਵੀ ਕੇਂਦਰ ਨਾਲ ਪੂਰੀ ਤਰ੍ਹਾਂ ਇਕਸੁਰ ਨਹੀਂ ਹੋ ਸਕੀਆਂ। "ਆਜ਼ਾਦੀ ਦੀ ਲੜਾਈ ਵਿਚ ਬਣਿਆ ਮੁਹਾਜ਼ ਖਤਮ ਹੁੰਦਿਆਂ ਹੀ ਲੋਕ-ਹਿਤ ਦਾ ਵੀ ਕੋਈ ਇਨਕਲਾਬੀ ਮੁਹਾਜ਼ ਨਾ ਉਸਰ ਸਕਿਆ। ਬੁਰਜੁਆਜ਼ੀ ਰਾਹੀਂ ਆਰਥਿਕ ਵਿਕਾਸ ਨੂੰ ਪੂੰਜੀਵਾਦੀ ਲੀਹਾਂ ਤੇ ਪਾਉਣ ਦਾ, ਇਨਕਲਾਬੀ ਜਨਤਕ ਮੁਹਾਜ ਦੇ ਰੂਪ ਵਿਚ ਕੋਈ ਵਿਰੋਧ ਨਾ ਹੋਇਆ ਅਤੇ ਨਾ ਹੀ ਇਸ ਵਿਰੁੱਧ ਨਿਰੰਤਰ ਰਾਜਨੀਤਕ ਘੋਲ ਆਰੰਭ ਹੋ ਸਕੇ। ਆਜ਼ਾਦੀ ਤੋਂ ਮਿਲੀ ਮੁੱਢਲੀ ਰਾਹਤ, ਸ਼ਾਂਤੀ ਅਤੇ ਆਜ਼ਾਦੀ ਦੀ ਲੜਾਈ ਵਿਚ ਬਣੇ ਬੁਰਜੁਆਜ਼ੀ ਦੇ ਦੇਸ਼-ਭਗਤੀ ਦੇ ਬਿੰਬ ਨੇ ਲੋਕਾਂ ਨੂੰ ਇਕ ਲੰਬੇ ਭੁਲੇਖੇ ਦਾ ਸ਼ਿਕਾਰ ਬਣਾਇਆ।"10 **ਪਰ** ਇਹ ਸਪੱਸ਼ਟ ਹੈ ਕਿ ਕਮਿਊਨਿਸਟ ਪਾਰਟੀਆਂ ਦੇ ਤਣਾਅ ਦੇ ਕਾਰਨਾਂ ਦਾ ਕੇਂਦਰ ਦੇ ਪੰਜਾਬ ਵਿਸ਼ੇਸ਼ ਪ੍ਰਤੀ ਨਜ਼ਰੀਏ ਨਾਲ ਕੋਈ ਬਹੁਤਾ ਵਾਸਤਾ ਨਹੀਂ ਰਿਹਾ ਬਲਕਿ ਸਮਾਨਯ ਰੂਪ ਵਿਚ ਕੇਂਦਰ ਦੇ ਬੁਰਜਵਾ ਰੁਝਾਨ ਅਤੇ ਸੰਪਰਦਾਇਕਤਾ ਅਧਾਰਿਤ ਵੋਟ-ਰਾਜਨੀਤੀ ਤਣਾਅ ਦਾ ਕਾਰਨ ਬਣੇ ਹਨ। ਇਸ ਲਈ ਬਾਅਦ ਵਿਚ ਅੱਤ ਖੱਬੇਪੱਖੀ ਨਕਸਲਬਾੜੀ ਲਹਿਰ ਦੀ ਚੜ੍ਹਤ ਸਮੇਂ ਕੇਂਦਰ ਦਾ ਮਨੁੱਖ-ਵਿਰੋਧੀ ਪੂੰਜੀਵਾਦੀ ਸਰੂਪ ਉਨ੍ਹਾਂ ਦੇ ਵਿਅੰਗ ਦਾ ਨਿਸ਼ਾਨਾ ਬਣਦਾ ਰਿਹਾ। ਦੂਜੇ ਸ਼ਬਦਾਂ ਵਿਚ ਕੇਂਦਰ ਨੂੰ ਬਸਤੀਵਾਦੀ ਹਕੂਮਤ ਵਾਲੇ ਅਰਥਾਂ ਵਿਚ ਹੀ ਲਿਆ ਜਾਣ ਲੱਗ ਪਿਆ।

ਵੀਹਵੀਂ ਸਦੀ ਦੇ ਅੰਤਲੇ ਦਹਾਕੇ ਦੌਰਾਨ ਵਿਸ਼ਵ ਵਿਚ ਸਮਾਜਵਾਦੀ ਬਲਾਕ ਦੇ ਪਤਨ ਅਤੇ ਅਮਰੀਕੀ ਨਵ-ਪੂੰਜੀਵਾਦੀ ਇਜ਼ਾਰੇਵਾਦ ਦੀ ਚੜ੍ਹਤ ਹੋਣ ਨਾਲ ਭਾਰਤ ਵਾਂਗ ਹੀ ਪੰਜਾਬ ਵਿਚ ਵੀ ਇਹ ਤੌਖਲਾ ਪੈਦਾ ਹੋ ਗਿਆ ਹੈ ਕਿ ਖਪਤਕਾਰੀ ਵਿਚਾਰਧਾਰਾ ਇਥੋਂ ਦੀ ਆਰਥਿਕ ਵਿਵਸਥਾ ਅਤੇ ਮਾਨਵ-ਪੱਖੀ ਕਦਰਾਂ-ਕੀਮਤਾਂ ਦਾ ਘਾਣ ਕਰ ਦੇਵੇਗੀ। ਇਸ ਨਾਲ ਪੰਜਾਬੀ ਸਭਿਆਚਾਰ ਦੀ ਹੋਂਦ ਅਤੇ ਵਿਲੱਖਣ ਪਛਾਣ ਨੂੰ ਖਤਰੇ ਦਾ ਮਸਲਾ ਖੜ੍ਹਾ ਹੋ ਗਿਆ। ਪ੍ਰਤੀਕਰਮ ਵਜੋਂ ਪੰਜਾਬੀ ਮਨ ਦੀ ਕਿਸੇ ਬਦਲਵੇਂ ਚਿੰਤਨ ਲਈ ਤਾਲਾਸ਼ ਆਰੰਭ ਹੁੰਦੀ ਹੈ। ਉਤਰ-ਆਧੁਨਿਕ ਚਿੰਤਨ ਵੱਲੋਂ ਲਘੂ-ਬਿਰਤਾਂਤਾਂ ਦੀ ਹੋਂਦ, ਸੁਹਜਾਤਮਕ ਅਤੇ ਸਿਰਜਣਾਤਮਕ ਮੁੱਲਾਂ ਨੂੰ ਮਹੱਤਵ ਦੇਣ ਦੇ ਭਰੋਸੇ ਨਾਲ ਅਜੋਕੇ ਪੰਜਾਬੀ ਚਿੰਤਨ ਦਾ ਰੁਝਾਨ ਇਸ ਵੱਲ ਤੇਜ਼ੀ ਨਾਲ ਵਧਿਆ ਹੈ।

ਸਮੁੱਚੇ ਰੂਪ ਵਿਚ ਆਧੁਨਿਕ ਕਾਲ ਵਿਚ ਜਿਵੇਂ ਜਿਵੇਂ ਪੰਜਾਬੀ ਚਿੰਤਨ ਆਧੁਨਿਕ ਚੇਤਨਾ ਦੇ ਲੋਕ-ਪੱਖੀ ਸਰੂਪ ਦਾ ਧਾਰਨੀ ਹੁੰਦਾ ਜਾਂਦਾ ਹੈ, ਉਵੇਂ ਉਵੇਂ ਸਾਮੰਤੀ ਚੇਤਨਾ ਦੇ ਰੂੜ੍ਹੀਵਾਦੀ ਤੱਤ ਇਸ ਵਿਚੋਂ ਖਾਰਜ ਹੋਣ ਲਗਦੇ ਹਨ, ਪਰ ਇਹ ਗੱਲ ਨਾ ਬਸਤੀਵਾਦੀ ਹਕੂਮਤ ਦੇ ਰਾਸ ਆਉਣ ਵਾਲੀ ਸੀ ਅਤੇ ਨਾ ਹੀ ਭਾਰਤੀ ਬੁਰਜੁਆਜ਼ੀ ਦੇ। ਇਸ ਲਈ ਆਧੁਨਿਕ ਤਕਨੀਕ ਅਤੇ ਚਿੰਤਨ ਨੂੰ ਆਪਣੀ ਸੱਤਾ ਦੀ ਸਥਾਪਤੀ ਲਈ ਇਕ ਜੁਗਤ ਵਜੋਂ ਇਸਤੇਮਾਲ ਕਰਨ ਦਾ ਅਮਲ ਸ਼ੁਰੂ ਹੁੰਦਾ ਹੈ। ਸਿੱਟੇ ਵਜੋਂ ਸੰਪਰਦਾਇਕ ਤਾਕਤਾਂ ਦੀ ਪੁਨਰ-ਸਥਾਪਤੀ ਲਈ ਆਧੁਨਿਕ ਸੰਦ-ਸਾਧਨਾਂ ਅਤੇ ਵਿਚਾਰਧਾਰਾ ਨੂੰ ਵਰਤਿਆ ਜਾਣਾ ਆਰੰਭ ਹੁੰਦਾ ਹੈ।

ਇਸ ਲਈ ਜਾਤ, ਧਰਮ, ਰੰਗ, ਭਾਸ਼ਾ, ਲਿੰਗ ਆਦਿ ਦੇ ਵਖਰੇਵੇਂ ਆਧੁਨਿਕ ਭਾਰਤੀ ਰਾਜਨੀਤੀ ਦੀ ਜੁਗਤ ਹੋ ਨਿਬੜਦੇ ਹਨ। ਇਸਦੇ ਵਿਰੁੱਧ ਜਨ-ਸਾਧਾਰਨ ਦਾ ਰੋਹ-ਵਿਦਰੋਹ ਪਹਿਲਾਂ ਨਕਸਲਬਾੜੀ ਲਹਿਰ ਅਤੇ ਫਿਰ ਸਿੱਖ ਖਾੜਕੂ ਲਹਿਰ ਦੇ ਰੂਪ 'ਚ ਪ੍ਰਗਟ ਹੁੰਦਾ ਹੈ।

### 4.2 ਬਿਰਤਾਂਤਕ ਪ੍ਰਵਚਨ : ਵਿਚਾਰਧਾਰਕ ਪਰਿਪੇਖ

ਆਧੁਨਿਕ ਕਾਲ ਤੱਕ ਪਹੁੰਚਦਿਆਂ ਮੱਧਕਾਲੀ ਚੇਤਨਾ ਦੇ ਵਰੋਸਾਏ ਬਿਰਤਾਂਤਕ ਰੂਪਾਕਾਰ, ਕਿੱਸਾ, ਵਾਰ, ਜੰਗਨਾਮਾ, ਜਨਮ-ਸਾਖੀ, ਲੋਕ-ਕਹਾਣੀ ਆਪਣੇ ਸਿਖਰ ਨੂੰ ਹੰਢਾ ਕੇ ਖੜੋਤ ਦੇ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਦੀ ਬੁਨਿਆਦ ਉਤੇ ਜਿਹੜੇ ਨਵੇਂ ਬਿਰਤਾਂਤਕ-ਰੂਪਾਕਾਰ ਹੋਂਦ ਗ੍ਰਹਿਣ ਕਰਦੇ ਹਨ ਉਨ੍ਹਾਂ ਵਿਚ ਨਾਵਲ, ਕਹਾਣੀ, ਨਾਵਲਿਟ, ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ, ਬਿਰਤਾਂਤਕ-ਕਾਵਿ ਆਦਿ ਮਹੱਤਵ ਹਾਸਲ ਕਰ ਲੈਂਦੇ ਹਨ ਨਿਸਚੇ ਹੀ ਇਹ ਪਰਿਵਰਤਨ ਆਧੁਨਿਕ ਚਿੰਤਨ ਅਤੇ ਵਿਚਾਰਧਾਰਾ ਦੇ ਬਹੁ-ਪੱਖੀ ਪ੍ਰਭਾਵਾਂ ਕਾਰਨ ਹੁੰਦਾ ਹੈ। ਇਸ ਪਰਿਵਰਤਨ ਵਿਚ ਇਕ ਪਾਸੇ ਉਸ ਲੌਕਿਕਮੁਖੀ ਲਘੂ-ਪਰੰਪਰਾ ਦਾ ਯੋਗਦਾਨ ਹੈ ਜਿਹੜੀ ਮੱਧਕਾਲ ਦੌਰਾਨ ਸਾਂਖਵਾਦੀ ਧਾਰਨਾਵਾਂ, ਬੁੱਧ ਮੱਤ, ਜੈਨ ਮੱਤ, ਲੋਕ-ਧਰਮ ਅਤੇ ਭਗਤੀ-ਲਹਿਰ ਦੇ ਰੂਪ ਵਿਚ ਪ੍ਰਵਾਹਮਾਨ ਰਹੀ ਅਤੇ ਦੂਜੇ ਪਾਸੇ ਪੱਛਮੀ ਬਸਤੀਵਾਦੀ ਸਾਮਰਾਜ ਨਾਲ ਪੈਦਾ ਹੋਏ ਆਧੁਨਿਕ ਭਾਂਤ ਦੇ ਪਰਉਸਾਰ ਅਤੇ

ਬਸਤੀਵਾਦੀ ਹਕੂਮਤ ਵਿਰੁੱਧ ਕੀਤੇ ਗਏ ਸੰਘਰਸ਼ ਦੀ ਭੂਮਿਕਾ ਹੈ। ਮੱਧਕਾਲੀ ਭਾਰਤ ਵਿਚ ਆਧੁਨਿਕ ਚੇਤਨਾ ਦੇ ਲੱਛਣਾਂ ਤੋਂ ਕੁਝ ਪੱਛਮੀ ਚਿੰਤਕ ਵੀ ਮੁਨਕਰ ਨਹੀਂ ਹੁੰਦੇ, ਜਿਵੇਂ ਮੈਕਸ ਵੈਬਰ ਨੇ ਪੱਛਮੀ ਆਧੁਨਿਕ ਚੇਤਨਾ ਦੇ ਜਿਹੜੇ ਉਭਰਵੇਂ ਲੱਛਣ ਗਿਣਾਏ ਹਨ, ਉਹ ਹਨ, "ਰਸਮੀ ਤਰਕ ਉਤੇ ਜ਼ੋਰ, ਪ੍ਰਯੋਗਮੁਖਤਾ, ਕਾਨੂੰਨੀ ਨੇਮਾਵਲੀ, ਤਫ਼ਤੀਸ਼ ਅਤੇ ਤਰਕਮਈ-ਉਪਯੋਗਤਾਮੁਖ ਵਿਹਾਰ, ਸੁਭਾਅ ਅਤੇ ਸੋਚ ਵਾਲੀ ਸਭਿਆਚਾਰਕ ਪਰੰਪਰਾ, ਨਾਲ ਹੀ ਉਸ ਨੇ ਇਹ ਵੀ ਮੰਨਿਆ ਕਿ ਇਨ੍ਹਾਂ ਵਿਚ ਕਈ ਸਾਰੇ ਲੱਛਣ ਵਿਕੋਲਿਤਰੇ ਰੂਪ 'ਚ ਭਾਰਤ ਅਤੇ ਚੀਨ ਵਰਗੀਆਂ ਪੂਰਬੀ ਸਭਿਆਤਾਵਾਂ ਵਿਚ ਵੀ ਮਿਲਦੇ ਸਨ, ਭਾਵੇਂ ਕਿ ਇਹ ਸਭਿਆਚਾਰਕ ਲੱਛਣ ਇਨ੍ਹਾਂ ਸਭਿਆਤਾਵਾਂ ਵਿਚ ਵਿਧੀ-ਪੂਰਬਕ ਢੰਗ ਨਾਲ ਵਿਕਸਤ ਨਹੀਂ ਹੋ ਸਕੇ।"11

**ਬਰਤਾਨਵੀ** ਬਸਤੀਵਾਦੀ ਸਾਮਰਾਜ ਦੇ ਵਿਰੋਧ ਵਿਚ ਆ ਖੜ੍ਹੇ ਹੋਣ ਅਤੇ ਆਪਣੀ ਅਸਲੀ ਪਛਾਣ ਦੀ ਤਲਾਸ਼ ਨੇ ਪੰਜਾਬੀਆਂ/ਭਾਰਤੀਆਂ ਨੂੰ ਉਹ ਵਿਚਾਰਧਾਰਕ ਪਰਿਪੇਖ ਪ੍ਰਦਾਨ ਕੀਤਾ ਜਿਸ ਦੇ ਤਹਿਤ ਵਿਧੀ ਪੂਰਬਕ ਢੰਗ ਨਾਲ ਆਧੁਨਿਕ ਚੇਤਨਾ ਦਾ ਵਿਕਾਸ ਆਰੰਭ ਹੋ ਗਿਆ।

ਬਰਤਾਨਵੀ ਬਸਤੀਵਾਦੀ ਸ਼ਕਤੀ ਅਤੇ ਵਿਸ਼ਵ-ਦ੍ਰਿਸ਼ਟੀ ਦੀ ਮੁੱਢਲੀ ਟੱਕਰ ਨੂੰ ਪੇਸ਼ ਕਰਨ ਵਾਲਾ ਉਲੇਖਯੋਗ ਪੰਜਾਬੀ ਬਿਰਤਾਂਤਕ-ਪ੍ਰਵਚਨ ਸ਼ਾਹ ਮੁਹੰਮਦ ਦਾ ਜੰਗਨਾਮਾ 'ਜੰਗ ਸਿੰਘਾਂ ਤੇ ਫਰੰਗੀਆਂ' ਹੈ। ਸ਼ਾਹ ਮੁਹੰਮਦ ਮੱਧਕਾਲ ਦਾ ਆਖਰੀ ਅਤੇ ਆਧੁਨਿਕ ਕਾਲ ਦਾ ਪਹਿਲਾ ਰਚਨਾਕਾਰ ਹੈ ਅਰਥਾਤ ਸੰਕ੍ਰਾਂਤੀ ਕਾਲ ਦਾ ਇਤਿਹਾਸਕ ਮਹੱਤਤਾ ਵਾਲਾ ਬਿਰਤਾਂਤਕਾਰ ਹੈ। ਇਸ ਲਈ ਉਹ ਮੱਧਕਾਲੀਨ ਵਿਚਾਰਧਾਰਕ ਪ੍ਰੇਰਕਾਂ ਅਨੁਕੂਲ ਮੱਧਕਾਲੀ ਰੂਪਾਕਾਰ ਜੰਗਨਾਮਾ ਨੂੰ ਆਪਣਾ ਮਾਧਿਅਮ ਬਣਾਉਂਦਾ ਹੈ ਅਤੇ ਉਸ ਦੀ ਬਾਹਰੀ ਸੰਰਚਨਾ — ਮੰਗਲਾਚਰਨ, ਹੋਣੀ ਦੀ ਭੂਮਿਕਾ ਆਦਿ — ਕਾਫੀ ਹੱਦ ਤੱਕ ਪਰੰਪਰਕ ਹੀ ਰਹਿੰਦੀ ਹੈ। ਪਰ ਵਿਸ਼ੇ ਦੀ ਲੌਕਿਕਤਾ ਅਤੇ ਦ੍ਰਿਸ਼ਟੀਕੋਣ ਦੀ ਇਤਿਹਾਸਕਤਾ ਉਸ ਨੂੰ ਆਧੁਨਿਕ ਬੋਧ ਵਾਲਾ ਰਚਨਾਕਾਰ ਸਿੱਧ ਕਰਦੀ ਹੈ। ਮੱਧਕਾਲੀ ਚੇਤਨਾ ਅਤੇ ਆਧੁਨਿਕਤਾ ਦਾ ਅਜਿਹਾ ਤਣਾਅ ਸੰਕ੍ਰਾਂਤੀ ਕਾਲ ਦੇ ਸਮੁੱਚੇ ਪੰਜਾਬੀ ਬਿਰਤਾਂਤਕ ਪ੍ਰਵਚਨ ਦਾ ਮੂਲ ਖਾਸਾ ਬਣਦਾ ਹੈ।

ਜਿਹੜੇ ਸਭ ਤੋਂ ਵੱਡੇ ਪ੍ਰਸ਼ਨ ਦੇ ਪ੍ਰਤੀਉਤਰ ਵਿਚੋਂ ਸ਼ਾਹ ਮੁਹੰਮਦ ਦਾ ਜੰਗਨਾਮਾ ਵਿਚਾਰਧਾਰਕ ਹੋਂਦ ਗ੍ਰਹਿਣ ਕਰਦਾ ਹੈ, ਉਹ ਇਹ ਹੈ ਕਿ ਪੰਜਾਬੀ ਆਪਣਾ ਰਾਜ ਕਿਵੇਂ ਗੁਆ ਬੈਠੇ ੧ੳ ਕਿਤੇ ਕਿਤੇ ਉਸ ਨੂੰ ਇਹ ਪਰਿਵਰਤਨ 'ਰੱਬ ਦਾ ਖੇਲ੍ਹ' ਵੀ ਜਾਪਦਾ ਹੈ ਪਰ ਇਸੇ ਦੇ ਬਾਵਯੂਦ ਉਸ ਦੀ ਆਧੁਨਿਕ ਜਗਿਆਸਾ ਸ਼ਾਂਤ ਨਹੀਂ ਹੁੰਦੀ ਅਤੇ ਉਹ ਇਤਿਹਾਸਕ ਦ੍ਰਿਸ਼ਟੀ ਤੋਂ ਸਿੱਖ ਹਾਰ ਦੇ ਕਾਰਨਾਂ ਦੀ ਤਲਾਸ਼ ਕਰਦਾ ਹੈ। ਉਸ ਦੀ ਅਜਿਹੀ ਦ੍ਰਿਸ਼ਟੀ ਨਿਸਚੇ ਹੀ ਪੱਛਮੀ ਚਿੰਤਨ ਉਤੇ ਅਧਾਰਿਤ ਨਹੀਂ ਕਿਉਂਕਿ ਅਜੇ ਪੱਛਮੀ ਸਭਿਆਚਾਰ ਨਾਲ ਭਰਵਾਂ ਸੰਪਰਕ ਹੀ ਨਹੀਂ ਹੋ ਸਕਿਆ ਸੀ। ਸਗੋਂ ਇਹ ਦ੍ਰਿਸ਼ਟੀ ਉਸ ਚੁਣੌਤੀ ਨੇ ਪੈਦਾ ਕੀਤੀ ਹੈ ਜਿਹੜੀ 'ਫਰੰਗੀਆਂ' ਦੇ ਪੰਜਾਬ ਵਿਚ "ਤੀਸਰੀ ਜਾਤ" ਵਜੋਂ ਕਾਬਜ਼ ਹੋਣ ਨਾਲ ਉਭਰੀ ਹੈ। ਇਸ ਚੁਣੌਤੀ ਕਾਰਨ ਉਹ ਆਪਣੇ ਮੁਸਲਮਾਨ ਹੋਣ ਦੀ ਜਾਤੀ ਪਛਾਣ ਦੀ ਸੀਮਾਂ ਨੂੰ ਉਲੰਘ ਕੇ ਪੰਜਾਬੀਅਤ ਨਾਲ ਇਕਸੁਰ ਮਹਿਸੂਸ ਕਰਦਾ ਹੈ। ਫਿਰ ਮਹਾਂਬਲੀ ਰਣਜੀਤ ਸਿੰਘ ਦੀ ਸੂਰਬੀਰਤਾ ਸਾਹਵੇਂ ਨਤ-ਮਸਤਕ ਹੁੰਦਾ ਹੈ। ਸ਼ਾਮ ਸਿੰਘ ਅਟਾਰੀ ਵਾਲੇ ਵਰਗੇ ਯੋਧਿਆਂ ਦੀ ਮੁਕਤ-ਕੰਠ ਨਾਲ ਵਡਿਆਈ ਕਰਦਾ ਹੈ। ਇਸ ਦੇ ਉਲਟ ਰਾਜ ਗੁਆਉਣ ਲਈ ਜ਼ਿੰਮੇਵਾਰ ਲੋਕਾਂ — ਖਾਨਾ ਜੰਗੀ 'ਚ ਉਲਝੇ ਰਾਜ ਦਰਬਾਰੀ, ਖਾਲਸਾ ਫੌਜ ਨਾਲ ਧ੍ਰੋਹ ਕਮਾਉਂਦੇ ਸਿੱਖ ਕਮਾਂਡਰ, ਯੁੱਧ 'ਚੋਂ ਪਿੱਠ ਵਿਖਾ ਕੇ ਭੱਜਣ ਦੀਆਂ ਸੋਚਾਂ ਸੋਚਦੇ ਅਤੇ ਲਾਲਸਾਵਾਂ ਨਾਲ ਭਰੇ ਸਿੱਖ ਯੋਧੇ, ਫ਼ਿਤਰੀ ਕੰਮਜ਼ੋਰੀ ਵਿਖਾਉਂਦੀ ਰਾਣੀ ਜਿੰਦਾਂ, 'ਸ਼ਾਹੂਕਾਰ ਦੇ ਗਮਾਸ਼ਤੇ ਪੁੱਤ' ਬਰਤਾਨਵੀ ਹਮਲਾਵਰ ਆਦਿ — ਉਤੇ ਤਿੱਖੇ ਵਿਅੰਗ ਕਰਦਾ ਹੈ। ਪੰਜਾਬ-ਪੱਖੀ ਹੋਣਾ ਉਸ ਦੀ ਵਿਚਾਰਧਾਰਾ ਦਾ ਇਕਾਗਰਕਾਰੀ ਨੇਮ ਬਣ ਜਾਂਦਾ ਹੈ। ਪੰਜਾਬ-ਵਿਰੋਧੀ, ਭਾਵੇਂ ਉਹ ਉਸਦੇ ਆਪਣੇ ਹੀ ਕਿਉਂ ਨਾ ਹੋਣ, ਸ਼ਾਹ ਮੁਹੰਮਦ ਲਈ 'ਬੁਰਛੇ' ਹੋ ਨਿਬੜਦੇ ਹਨ। "ਖੇਤਰੀ ਕੌਮੀਅਤ ਦੇ ਚਿਤਵਣ ਨਾਲ ਰਾਹਤ ਮਹਿਸੂਸ ਕਰਦਾ ਸੁਹਿਰਦ ਪੰਜਾਬੀ ਸ਼ਾਹ ਮੁਹੰਮਦ"12 **ਪੰਜਾਬ** ਦਾ ਰਾਜ ਗੁਆਚਣ ਨਾਲ ਦਿਲ ਵਿੰਨਵਾਂ ਕੀਰਨਾ ਪਾਉਂਦਾ ਹੈ:

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।
ਸ਼ਾਹ ਮੁੰਹਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।13

ਸ਼ਾਹ ਮੁਹੰਮਦ ਦੇ ਰਾਜਸੀ ਚੇਤਨਾ ਵਾਲੇ ਕਾਵਿ-ਬਿਰਤਾਂਤ ਨਾਲ ਅਜਿਹਾ ਵਿਚਾਰਧਾਰਕ ਪਰਿਪੇਖ ਸਿਰਜਿਆ ਜਾਂਦਾ ਹੈ ਕਿ ਸੰਕ੍ਰਾਂਤੀ ਕਾਲ ਦੇ ਬਹੁਤੇ ਬਿਰਤਾਂਤਕ ਕਾਵਿ ਵਿਚ ਪੰਜਾਬੀ ਵਿਰਸੇ ਨਾਲ ਮੋਹ, ਸਥਾਨਕ ਚੀਜਾਂ-ਵਸਤਾਂ ਦੀ ਮਹੱਤਤਾ ਅਤੇ ਬਾਗੀ ਨਾਇਕਾਂ ਦੀ ਪ੍ਰਸੰਸਾ ਖੇਤਰੀ ਕੌਮੀਅਤ ਦਾ ਰੂਪ ਗ੍ਰਹਿਣ ਕਰਦੀ ਪ੍ਰਤੀਤ ਹੁੰਦੀ ਹੈ। "ਇਸੇ ਸਮੇਂ ਕਿੱਸਿਆਂ ਵਿਚ ਬਾਗੀਆਂ ਨੂੰ ਨਾਇਕ ਵਾਂਗ ਚਿਤਰਿਆ ਗਿਆ ਹੈ। ਅੰਗਰੇਜ਼ ਸਾਮਰਾਜ ਦੇ ਰਾਜ ਸਮੇਂ ਰਾਜਸੀ ਨੁਕਤੇ ਤੋਂ ਇਸ ਦੀ ਬੜੀ ਮਹੱਤਤਾ ਸੀ। ਇਨ੍ਹਾਂ ਵਿਚ ਮੁਗਲ ਸਾਮਰਾਜ ਨਾਲ ਟੱਕਰ ਲੈਣ ਵਾਲੇ ਦੁੱਲਾ-ਭੱਟੀ, ਜੈਮਲ-ਫੱਤਾ, ਦਲੀਪ ਸਿੰਘ, ਰਾਣੀ ਪਦਮਨੀ ਆਦਿ ਹਨ। ਇਸੇ ਪ੍ਰਸੰਗ ਵਿਚ ਸਿੱਖ ਧਰਮ ਦੇ ਯੋਧਿਆਂ ਦੇ ਕਿੱਸਿਆਂ ਨੂੰ ਲਿਆ ਜਾ ਸਕਦਾ ਹੈ। ਇਨ੍ਹਾਂ ਹੀ ਕਿੱਸਿਆਂ ਵਿਚ ਜਿਉਣਾ ਮੋੜ, ਜੱਗਾ ਜੱਟ, ਗੁਰਨਾਮ ਸਿੰਘ ਰਾਊਕੇ, ਸੁੱਚਾ ਸੂਰਮਾ, ਡਾਕੂ ਹਰਫੂਲ ਸਿੰਘ ਆਦਿ ਕਿੱਸਿਆਂ ਦੇ ਨਾਇਕ ਇਕ ਪਾਸੇ ਤਾਂ ਅੰਗਰੇਜ਼ ਦੀ ਪੁਲਿਸ ਨੂੰ ਟਿੱਚ ਜਾਣਦੇ ਹਨ, ਦੂਜੇ ਪਾਸੇ ਪਰੰਪਰਕ ਸਦਾਚਾਰਕ ਕੀਮਤਾਂ ਦੇ ਰਾਖੇ ਹਨ। ਆਧੁਨਿਕ ਜੀਵਨ ਤੋਂ ਨਾਬਰੀ ਵਾਲੇ ਇਹ ਕਿੱਸੇ ਆਪਣਾ ਗੌਰਵ ਆਪ ਸਿਰਜਦੇ ਹਨ।"14

ਆਪਣੇ ਵਿਰਸੇ ਨੂੰ ਵਡਿਆਉਣ ਅਤੇ ਸਥਾਪਤੀ ਵਿਰੁੱਧ ਸੰਘਰਸ਼ ਕਰਨ ਦੀ ਇਹ ਭਾਵਨਾ ਉਸ ਸਮੇਂ ਨਵ-ਜਾਗਰਨ ਦੀਆਂ ਲਹਿਰਾਂ ਨਾਲ ਇਕਸੁਰ ਹੋਣ ਲੱਗ ਜਾਂਦੀ ਹੈ ਜਦੋਂ ਬਸਤੀਵਾਦੀ ਹਕੂਮਤ ਈਸਾਈ ਪਾਦਰੀਆਂ ਦੀ ਮੱਦਦ ਨਾਲ ਭਾਰਤ ਦੇ ਸਭਿਆਚਾਰਕ-ਅਵਚੇਤਨ ਨੂੰ ਸੰਨ੍ਹ ਲਾਉਣ ਦਾ ਯਤਨ ਆਰੰਭਦੀ ਹੈ। ਇਸ ਨਾਲ ਪੰਜਾਬੀ ਬਿਰਤਾਂਤ ਵਿਚ ਇਕ ਪਾਸੇ ਵਿਰਸੇ ਦੇ ਜੀਵੰਤ ਤੱਤਾਂ ਦੀ ਪੁਨਰ-ਪਛਾਣ ਦਾ ਅਮਲ ਸ਼ੁਰੂ ਹੁੰਦਾ ਹੈ ਅਤੇ ਦੂਜੇ ਪਾਸੇ ਪੱਛਮੀ ਜੀਵਨ-ਜਾਚ ਨੂੰ ਵਿਅੰਗ ਦਾ ਨਿਸ਼ਾਨਾ ਬਣਾਇਆ ਜਾਣ ਲਗਦਾ ਹੈ। "ਇਸੇ ਸਮੇਂ ਝਗੜਾ-ਕਾਵਿ ਸਾਹਮਣੇ ਆਇਆ ਜਿਸ ਵਿਚ ਚਾਹ ਅਤੇ ਲੱਸੀ ਦਾ ਝਗੜਾ ਅੰਗਰੇਜ਼ਾਂ ਦੇ ਸੁਹਜ-ਸੁਆਦ ਅਤੇ ਦੇਸੀ ਸੁਹਜ-ਸੁਆਦ ਦਾ ਹੀ ਝਗੜਾ ਨਹੀਂ ਹੈ ਸਗੋਂ ਦੋ ਵਿਚਾਰਧਾਰਾਵਾਂ ਦਾ ਟਾਕਰਾ ਹੈ।"15

ਕਿਰਤੀ-ਕਿਸਾਨ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ ਤੋਂ ਪ੍ਰੇਰਿਤ ਹੋ ਕੇ ਰਾਜਸੀ ਚੇਤਨਾ ਵਾਲਾ ਬਿਰਤਾਂਤਕ ਕਾਵਿ ਭਾਰਤ ਦੇ ਆਜ਼ਾਦੀ ਪ੍ਰਾਪਤ ਕਰਨ ਤੱਕ ਲਿਖਿਆ ਜਾਂਦਾ ਰਿਹਾ। ਇਸ ਕਾਵਿ ਵਿਚ ਕਿਸੇ ਪ੍ਰਕਾਰ ਦੀ ਦੁਬਿਧਾ ਨਹੀਂ ਸਗੋਂ ਬਰਤਾਨਵੀ ਸਾਮਰਾਜ ਵਿਰੁੱਧ ਸਪੱਸ਼ਟ ਭਾਂਤ ਡਟ ਜਾਣ ਦੀ ਪ੍ਰਬਲ ਰੁਚੀ ਦਾ ਇਜ਼ਹਾਰ ਕੀਤਾ ਗਿਆ ਮਿਲਦਾ ਹੈ। ਇਸ ਕਾਵਿ ਸਬੰਧੀ "ਇਕ ਧਿਆਨ ਦੇਣ ਵਾਲਾ ਨੁਕਤਾ ਹੈ ਕਿ ਅੰਗਰੇਜ਼ਾਂ ਦੀ ਆਧੁਨਿਕਵਾਦੀ ਵਿਚਾਰਧਾਰਾ ਦੇ ਖਿਲਾਫ਼ ਲੜਦਿਆਂ ਇਸ ਕਵਿਤਾ ਨੇ ਸਰੀਰ ਦੇ ਨਾਸ ਹੋ ਜਾਣ ਦੀ ਅਧਿਆਤਮਕ ਵਿਚਾਰਧਾਰਾ ਨੂੰ ਕ੍ਰਾਂਤੀਕਾਰੀ ਅਰਥ ਦਿੱਤਾ।"16

ਰਾਜਸੀ ਚੇਤਨਾ ਨੂੰ ਮਘਾਉਣ ਦੇ ਪ੍ਰਯੋਜਨ ਵਾਲੇ ਇਸ ਬਿਰਤਾਂਤ-ਕਾਵਿ ਜਿਸਦਾ ਰੂਪ ਰਵਾਇਤੀ ਰਿਹਾ ਅਤੇ ਜਿਸ ਦੇ ਪ੍ਰੇਰਕ ਵਧੇਰੇ ਕਰਕੇ ਪੇਂਡੂ ਪੰਜਾਬ ਨਾਲ ਸਬੰਧਿਤ ਰਹੇ, ਦੀ ਤੁਲਨਾ ਵਿਚ ਸ਼ਹਿਰੀ ਸਿੱਖ ਮੱਧਵਰਗ ਦੀ ਰਚਨਾ ਕਲਾਤਮਿਕ ਓਹਲੇ ਨਾਲ ਆਪਣੀ ਗੱਲ ਕਹਿਣ ਵਿਚ ਵਿਸ਼ਵਾਸ ਰਖਦੀ ਸੀ। ਸਿੰਘ ਸਭਾ ਲਹਿਰ ਨਾਲ ਇਕਸੁਰ ਸਿੱਖ ਮੱਧਵਰਗ, ਜਿਸਦਾ ਪ੍ਰਮੁੱਖ ਬਿਰਤਾਂਤਕਾਰ ਭਾਈ ਵੀਰ ਸਿੰਘ ਸੀ, ਭਾਵੇਂ ਕਦੇ ਵੀ ਦੁਬਿਧਾ-ਮੁਕਤ ਹੋ ਕੇ ਕਾਰਜਸ਼ੀਲ ਨਹੀਂ ਹੋ ਸਕਿਆ ਪਰ ਇਸ ਦੇ ਬਾਵਯੂਦ ਉਸ ਦੀ ਸਾਕਾਰਾਤਮਕ ਭੂਮਿਕਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਪੰਜਾਬ ਵਿਚ ਇਹ ਵਰਗ ਸਹੀ ਅਰਥਾਂ ਵਿਚ ਅੰਗਰੇਜ਼ੀ ਸਿੱਖਿਆ ਦੀ ਉਪਜ ਸੀ ਪਰ ਸਿੱਖ ਵਿਰਸੇ ਨਾਲ ਵੀ ਇਹ ਬਹੁਤ ਗਹਿਰੇ ਢੰਗ ਨਾਲ ਜੁੜਿਆ ਹੋਇਆ ਸੀ। ਇਸ ਲਈ ਆਪਣੇ ਸਮਕਾਲੀ ਸੰਕਟਾਂ ਦੇ ਸੰਦਰਭ ਵਿਚ ਇਹ ਵਰਗ ਇਕੋ ਸਮੇਂ ਅਤੀਤਮੁਖੀ ਅਤੇ ਭਵਿੱਖਮੁਖੀ ਸੀ। ਇਸ ਵਰਗ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਸ ਨੇ ਪੱਛਮੀ ਤਰਕਵਾਦ ਨੂੰ ਅੰਗਰੇਜ਼ੀ ਸਾਮਰਾਜ ਦੀ ਅੱਖ ਨਾਲ ਵੇਖਣ ਦੀ ਥਾਂ ਉਸ ਦੇ ਮੂਲ ਸਰੋਤਾਂ ਰਾਹੀਂ ਜਾਣਿਆਂ। ਇਸੇ ਸਦਕਾ ਇਹ ਵਰਗ ਸਿਧਾਂਤ ਦੀ ਪੱਧਰ ਉਤੇ ਬਸਤੀਵਾਦੀ ਹਕੂਮਤ ਦੇ ਦੋਹਰੇ ਮਾਪਦੰਡਾਂ ਦੀ ਪਛਾਣ ਕਰਨ ਵਿਚ ਸਫਲ ਰਹਿੰਦਾ ਹੈ, ਭਾਵੇਂ ਕਿ ਵਿਹਾਰ ਦੀ ਪੱਧਰ ਉਤੇ ਉਸ ਦੋਗਲੇਪਣ ਦੀ ਖੁੱਲ੍ਹ ਕੇ ਨਿੰਦਾ ਕਰਨ ਤੋਂ ਸੰਕੋਚ ਕਰਦਿਆਂ ਓਹਲੇ ਨਾਲ ਗੱਲ ਕਰਨ ਨੂੰ ਤਰਜ਼ੀਹ ਦਿੰਦਾ ਹੈ। ਅੰਗਰੇਜ਼ੀ ਹਕੂਮਤ ਦੇ ਬਸਤੀਵਾਦੀ ਚਰਿੱਤਰ ਦਾ ਵਿਰੋਧ ਕਰਨ ਦੀ ਇਸ ਦੀ ਵਿਧੀ ਕੁਝ ਸੂਖ਼ਮ ਭਾਂਤ ਦੀ ਹੈ। ਮਿਸਾਲ ਵਜੋਂ ਬਸਤੀਵਾਦੀ ਹਕੂਮਤ ਆਪਣੀ ਸਥਾਪਤੀ ਨੂੰ ਪੱਕਾ ਕਰਨ ਲਈ ਜਿਹੜੀਆਂ ਆਧੁਨਿਕ ਤਕਨੀਕਾਂ ਦੀ ਵਰਤੋਂ ਕਰਦੀ ਹੈ, ਸਿੱਖ ਮੱਧਵਰਗ ਵੀ ਉਸ ਦੇ ਸਮਾਨੰਤਰ ਉਨ੍ਹਾਂ ਹੀ ਵਿਧੀਆਂ ਨੂੰ ਵਰਤੋਂ ਵਿਚ ਲਿਆਉਂਦਾ ਹੈ। ਇਸੇ ਲਈ ਈਸਾਈ ਮੱਤ ਦੇ ਬਰਾਬਰ ਸਿੱਖ ਮੱਤ ਦਾ ਪ੍ਰਚਾਰ, ਛਾਪੇਖਾਨੇ ਦੇ ਬਰਾਬਰ ਛਾਪੇਖਾਨੇ

ਦੀ ਵਰਤੋਂ ਅਤੇ ਈਸਾਈ ਟ੍ਰੈਕਟ ਸੋਸਾਇਟੀ ਦੇ ਬਰਾਬਰ ਖਾਲਸਾ ਟ੍ਰੈਕਟ ਸੋਸਾਇਟੀ ਆਦਿ ਹੋਂਦ 'ਚ ਆਉਂਦੇ ਹਨ।

ਭਾਈ ਵੀਰ ਸਿੰਘ ਰਚਿਤ ਦੀਰਘ ਬਿਰਤਾਂਤ-ਕਾਵਿ 'ਰਾਣਾ ਸੂਰਤ ਸਿੰਘ', ਲਘੂ-ਬਿਰਤਾਂਤਕ ਕਵਿਤਾਵਾਂ ਅਤੇ ਗਲਪ ਰਚਨਾਵਾਂ ਮੱਧਕਾਲੀ ਚੇਤਨਾ ਤੋਂ ਆਧੁਨਿਕ ਚੇਤਨਾ ਵੱਲ ਵਧ ਰਹੇ ਪੰਜਾਬੀ ਸਮਾਜ ਦਾ ਅਕਸ ਪੇਸ਼ ਕਰਦੀਆਂ ਹਨ ਅਤੇ ਨਾਲ ਹੀ ਸਮਕਾਲੀ ਦਬਾਵਾਂ ਦੇ ਸਮਵਿੱਥ ਸਿੱਖ-ਪਛਾਣ ਦੀ ਨਵ-ਉਸਾਰੀ ਦਾ ਪ੍ਰਕਾਰਜ ਨਿਭਾਉਂਦੀਆਂ ਹਨ।

'ਰਾਣਾ ਸੂਰਤ ਸਿੰਘ' ਦੀ ਕੇਂਦਰੀ ਮਹੱਤਤਾ ਵਾਲੀ ਪਾਤਰ ਰਾਣੀ ਰਾਜ ਅਠ੍ਹਾਰਵੀਂ ਸਦੀ ਦੇ ਸਿੱਖ-ਸੰਘਰਸ਼ ਦੌਰਾਨ ਆਪਣੇ ਮੋਏ ਪਤੀ ਰਾਣਾ ਸੂਰਤ ਸਿੰਘ ਦੇ ਵਿਛੋੜੇ ਕਾਰਨ ਅਤੀ ਬੇਚੈਨੀ ਦੀ ਹਾਲਤ ਵਿਚ ਰਹਿੰਦੀ ਹੈ ਅਤੇ ਆਪਣੇ ਕੰਤ ਦੀ ਭੌਤਿਕ ਰੂਪ ਵਿਚ ਪੁਨਰ-ਪ੍ਰਾਪਤੀ ਲਈ ਤਾਂਘਦੀ ਹੋਈ ਭਟਕਦੀ ਹੈ। ਉਹ ਬੇਹੋਸ਼ੀ ਦੀ ਹਾਲਤ ਵਿਚ ਸੁਪਨ-ਸੰਸਾਰ 'ਚ ਵਿਚਰਦੀ ਹੈ। ਪੰਜਾਬੀ ਚਿੰਤਕਾਂ ਨੇ ਰਾਣੀ ਦੀ ਹਾਲਤ ਦੇ ਪ੍ਰਤੀਕਾਤਮਕ ਅਰਥ ਕਢਦਿਆਂ ਉਸ ਦੀ ਭਟਕਣ ਅਤੇ ਸੁਪਨ-ਸੰਸਾਰ ਨੂੰ ਆਪਣਾ ਰਾਜ ਗੁਆ ਚੁੱਕੀ ਸਿੱਖ ਕੌਮ ਦੀ ਭਟਕਣ ਅਤੇ ਸੁਪਨੇ ਨਾਲ ਸਬੰਧਿਤ ਕਰਕੇ ਵੇਖਣ ਦਾ ਯਤਨ ਕੀਤਾ ਹੈ। "ਬਦਲੇ ਹੋਏ ਇਤਿਹਾਸਕ ਸੰਦਰਭ ਵਿਚ ਸਿੱਖ ਜਾਤੀ ਦੀ ਮੂਲ ਸਮੱਸਿਆ ਰਾਜਸੀ ਹਾਰ ਅਤੇ ਵਿਆਪਕ ਵਿਸ਼ਾਦ ਦੇ ਸਦਮੇ ਤੋਂ ਨਿਕਲ ਕੇ ਅਨੇਕਾਂ ਨਵੀਆਂ ਵੰਗਾਰਾਂ ਵਿਰੁੱਧ ਇਕਮੁੱਠ ਹੋਣ ਦੀ ਸੀ। ਜਾਂ ਇਉਂ ਕਹੀਏ ਕਿ ਅਸਲ ਸੁਆਲ ਸਿੱਖ ਜਾਤੀ ਦੀ ਵਿਲੱਖਣਤਾ ਨੂੰ ਬੌਧਿਕ ਤੇ ਭਾਵੁਕ ਤੌਰ ਤੇ ਪੁਨਰ-ਪਰਿਭਾਸ਼ਤ ਕਰਨ ਦਾ ਸੀ। ਇਸ ਪ੍ਰਯੋਜਨ ਦੀ ਪੂਰਤੀ ਲਈ ਭਾਈ ਸਾਹਿਬ ਨੇ ਗੁਆਚੇ ਸਵਰਗ ਨੂੰ ਲਭਦੀ ਇਕ ਵਿਧਵਾ ਰਾਣੀ ਦੀ ਅੰਤਰਿਕ ਯਾਤਰਾ ਦੀ ਪ੍ਰਤੀਕਾਤਮਕ ਕਥਾ ਦੀ ਰਚਨਾ ਕੀਤੀ।"17

ਭਾਈ ਵੀਰ ਸਿੰਘ ਦੇ ਨਾਵਲਾਂ 'ਸੁੰਦਰੀ', 'ਸਤਵੰਤ ਕੌਰ', 'ਬਿਜੈ ਸਿੰਘ' ਦਾ ਰਚਨਾ-ਵਸਤੂ ਵੀ 'ਰਾਣਾ ਸੂਰਤ ਸਿੰਘ' ਵਾਂਗ ਹੀ 18ਵੀਂ ਸਦੀ ਦੇ ਸਿੱਖ-ਸੰਘਰਸ਼ ਨੂੰ ਬਣਾਇਆ ਗਿਆ ਹੈ। ਇਹ ਗੱਲ ਵੀ ਆਪਣੇ ਆਪ 'ਚ ਡੂੰਘੇ ਅਰਥਾਂ ਤੋਂ ਖਾਲੀ ਨਹੀਂ। ਉਹ ਦੌਰ ਮੁਗਲ ਸਾਮਰਾਜ ਵਿਰੁੱਧ ਸਿੱਖ ਲਹਿਰ ਦੇ ਸਿੱਧੇ ਵਿਰੋਧ ਦਾ ਹੈ। ਕਰੜੇ ਸੰਘਰਸ਼ ਬਾਅਦ ਸਿੱਖ-ਲਹਿਰ ਨੂੰ ਫਤਹਿ ਮਿਲਦੀ ਹੈ ਅਤੇ ਇਸ ਨਾਲ ਸਿੱਖ ਰਾਜ ਹੋਂਦ ਵਿਚ ਆਉਂਦਾ ਹੈ। ਸੱਚੇ-ਸੁੱਚੇ ਆਦਰਸ਼ਾਂ ਵਾਲੇ ਸੰਘਰਸ਼ ਦਾ ਇਹ ਪ੍ਰਤਿਮਾਨ ਭਾਈ ਵੀਰ ਸਿੰਘ ਵਾਰ ਵਾਰ ਆਪਣੀਆਂ ਬਿਰਤਾਂਤਕ ਰਚਨਾਵਾਂ ਰਾਹੀਂ ਦ੍ਰਿੜਾਉਂਦਾ ਹੈ। ਨਿਰਸੰਦੇਹ, ਇਸ ਦੇ ਸੰਕੇਤਕ ਅਰਥ ਵੀ ਆਪਣੇ ਸਮਕਾਲੀ ਸਿੱਖਾਂ ਨੂੰ ਸੰਘਰਸ਼ ਲਈ ਪ੍ਰੇਰਣ ਵਾਲੇ ਨਿਕਲਦੇ ਹਨ।

ਆਪਣੇ ਨਾਵਲ 'ਬਾਬਾ ਨੌਧ ਸਿੰਘ' ਵਿਚ ਭਾਈ ਵੀਰ ਸਿੰਘ ਪਹਿਲੀ ਵਾਰ ਆਪਣੇ ਸਮਕਾਲੀ ਸਮਾਜ ਨੂੰ ਰਚਨਾ-ਵਸਤੂ ਬਣਾਉਂਦਾ ਹੈ। ਇਸ ਦਾ ਮੁੱਖ ਪਾਤਰ ਬਾਬਾ ਨੌਧ ਸਿੰਘ ਇਕ ਪਾਸੇ ਭਾਰਤ ਦੀਆਂ ਨਵ-ਜਾਗਰਣ ਦੀਆਂ ਭਾਰਤੀ ਲਹਿਰਾਂ ਅਤੇ ਦੂਜੇ ਪਾਸੇ ਈਸਾਈ ਮੱਤ ਦੇ ਭਾਰਤੀ ਪ੍ਰਤੀਨਿਧ ਅੰਗਰੇਜ਼ ਪਾਦਰੀਆਂ ਨਾਲ ਸੰਵਾਦ ਦੀ ਸਥਿਤੀ ਵਿਚ ਵਿਚਰਦਾ ਹੈ ਅਤੇ ਉਨ੍ਹਾਂ ਸਾਹਮਣੇ ਆਪਣੇ ਕਥਨਾਂ ਤੇ ਕਾਰਜਾਂ ਰਾਹੀਂ ਸਿੱਖੀ ਗੌਰਵ ਦਾ ਨਮੂਨਾ ਪੇਸ਼ ਕਰਦਾ ਹੈ। ਪੰਜਾਬੀ ਗਲਪ-ਸ਼ਾਸਤਰੀ ਜੋਗਿੰਦਰ ਸਿੰਘ ਰਾਹੀ ਨੇ ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਹਿਤ ਪੰਜਾਬੀ 'ਚ ਛਪੇ ਦੋ ਨਾਵਲਾਂ — 'ਜਯੋਤਿਰੁਦਯ' (ਪੰਜਾਬੀ ਲਿਖਤ) ਅਤੇ 'ਪਿਲਗ੍ਰਿਮਜ਼ ਪ੍ਰੋਗੈਸ' (ਅਨੁਵਾਦ) ਦੇ ਸਮਾਨੰਤਰ ਨਾਵਲ 'ਬਾਬਾ ਨੌਧ ਸਿੰਘ' ਦੇ ਅਧਿਐਨ ਰਾਹੀਂ ਇਸ ਮੱਤ ਨੂੰ ਸਥਾਪਿਤ ਕੀਤਾ ਹੈ ਕਿ "ਭਾਈ ਵੀਰ ਸਿੰਘ ਤੇ ਵੈਦ (ਮੋਹਨ ਸਿੰਘ) ਆਪਣੇ ਨਾਵਲਾਂ ਵਿਚ ਉਨ੍ਹਾਂ ਸਭ ਸਿਧਾਂਤਾਂ ਦੇ ਵਿਰੋਧ ਦਾ ਪੈਂਤੜਾ ਅਪਣਾਉਂਦੇ ਹਨ ਜੋ ਜਯੋਤਿਰੁਦਯ ਦੀ ਥੀਮਕਤਾ ਦਾ ਹਿੱਸਾ ਹਨ, "ਉਹ ਵਿਦੇਸ਼ੀ ਸੰਸਕ੍ਰਿਤੀ ਤੇ ਧਰਮ ਦੀ ਥਾਂ ਦੇਸੀ ਸੰਸਕ੍ਰਿਤੀ ਤੇ ਆਪਣੇ ਧਰਮ ਦਾ ਗੌਰਵ ਉਘਾੜਦੇ ਹਨ; ਜਯੋਤਿਰੁਦਯ ਵਿਚ ਜਗਿਆਸੂਆਂ ਦੀ ਪ੍ਰੇਰਣਾ ਲਈ ਈਸਾਈਅਤ ਦੇ ਇਤਿਹਾਸ ਵਿਚੋਂ ਹਵਾਲੇ ਦਿੱਤੇ ਗਏ ਹਨ, ਪਰ ਭਾਈ ਵੀਰ ਸਿੰਘ ਵਰਗੇ ਨਾਵਲਕਾਰ ਸਿੱਖ ਇਤਿਹਾਸ ਦੇ ਸੰਘਰਸ਼ਮਈ ਦੌਰ ਦੀ ਟੇਕ ਲੈਂਦੇ ਹਨ; ਪੱਛਮੀ ਲਿਬਾਸ ਵਿਰੁੱਧ ਦੇਸੀ ਲਿਬਾਸ ਉਤੇ ਬਲ ਦੇਣਾ, ਅੰਗਰੇਜ਼ੀ ਜ਼ੁਬਾਨ ਵਿਰੁੱਧ ਆਪਣੀ ਜ਼ੁਬਾਨ ਦੀ ਅਲਮਬਰਦਾਰੀ, ਪੱਛਮੀ ਚਕਿਤਸਾ ਵਿਰੁੱਧ ਵੈਦ ਵਰਗੇ ਨਾਵਲਕਾਰਾਂ ਦਾ ਦੇਸੀ ਚਕਿਤਸਾ ਨੂੰ ਵਡਿਆਉਣਾ ਅਤੇ ਈਸਾ ਤੇ ਬਾਈਬਲ ਦੇ ਟਾਕਰੇ ਵਿਚ ਗੁਰੂ ਗ੍ਰੰਥ ਦੀ ਮਿਹਰ ਉਤੇ ਬਲ ਦੇਣਾ ਸਾਡੇ ਮੁਢਲੇ ਨਾਵਲਕਾਰਾਂ ਦੀਆਂ ਜਾਣੀਆਂ ਪਛਾਣੀਆਂ ਰੁਚੀਆਂ ਹਨ।"18

ਡਇਨ੍ਹਾਂ ਨਾਵਲਾਂ ਵਿਚ ਅੰਗਰੇਜ਼ੀ ਔਰਤ ਦੀ ਆਜ਼ਾਦੀ, ਬਰਤਾਨਵੀ "ਕਾਨੂੰਨ ਦੇ ਰਾਜ" ਅਤੇ ਪੱਛਮੀ ਨੈਤਿਕ ਤਾਣੇ-ਬਾਣੇ ਦੀਆਂ ਮਿੱਥਾਂ ਦਾ ਵੀ ਪੂਰਬਵਾਦੀ ਦ੍ਰਿਸ਼ਟੀ ਨਾਲ ਪਰਦਾਫਾਸ਼ ਕੀਤਾ ਗਿਆ ਮਿਲਦਾ ਹੈ।

ਪੰਜਾਬੀ ਦੇ ਇਸ ਮੁਢਲੇ ਗਲਪ ਨੂੰ ਸੁਧਾਰਵਾਦੀ ਸੰਕਲਪ ਅਧੀਨ ਰੱਖ ਕੇ ਸਮਝਿਆ ਜਾਂਦਾ ਹੈ। ਵਿਚਾਰਧਾਰਕ ਨਜ਼ਰੀਏ ਤੋਂ ਇਸ ਸੁਧਾਰਵਾਦ ਦੇ ਸਰੂਪ ਅਤੇ ਪ੍ਰਕਾਰਜ਼ ਦਾ ਅਧਿਐਨ ਕਰੀਏ ਤਾਂ ਆਪਣੀ ਧਾਰਮਿਕ ਮਿੱਸ ਵਾਲੀ ਪ੍ਰਕਿਰਤੀ ਦੇ ਬਾਵਯੂਦ ਸਮਕਾਲੀ ਪਰਿਸਥਿਤੀਆਂ ਦੇ ਸੰਦਰਭ ਵਿਚ ਇਹ ਪ੍ਰਗਤੀਸ਼ੀਲ ਮੁਹਾਂਦਰੇ ਵਾਲਾ ਹੈ। ਇਸ ਸੁਧਾਰਵਾਦ ਵਿਚ ਆਪਣੇ ਮਨੁੱਖੀ ਗੌਰਵ ਦੀ ਪਛਾਣ ਵੀ ਸ਼ਾਮਿਲ ਹੈ ਅਤੇ ਸਮੂਹਿਕ ਮੁਕਤੀ ਦੇ ਭਵਿੱਖਾਰਥੀ ਸੁਪਨੇ ਵੀ ਸਮਾਏ ਹੋਏ ਮਿਲਦੇ ਹਨ। ਇਸ ਲਈ ਇਹ ਕੌਮੀ ਜਾਗ੍ਰਤੀ ਦੀ ਚੇਤਨਾ ਵਾਲਾ ਹੈ।

ਜਿਵੇਂ ਜਿਵੇਂ ਭਾਰਤ/ਪੰਜਾਬ ਵਿਚ ਸੁਤੰਤਰਤਾ ਸੰਗਰਾਮ ਦੀ ਗਤੀ ਤੇਜ਼ ਹੁੰਦੀ ਜਾਂਦੀ ਹੈ ਉਵੇਂ ਉਵੇਂ ਪੰਜਾਬੀ ਬਿਰਤਾਂਤਕ ਪ੍ਰਵਚਨ ਦਾ ਮੁਹਾਂਦਰਾ ਸਪੱਸ਼ਟ ਝੁਜਾਰੂ ਰਾਸ਼ਟਰਵਾਦ ਵਾਲਾ ਬਣਦਾ ਜਾਂਦਾ ਹੈ। ਮਾਸਟਰ ਤਾਰਾ ਸਿੰਘ ਤੇ ਨਾਨਕ ਸਿੰਘ ਦੇ ਕੁਝ ਨਾਵਲ, ਹੀਰਾ ਸਿੰਘ ਦਰਦ ਤੇ ਗੁਰਮੁਖ ਸਿੰਘ ਮੁਸਾਫ਼ਿਰ ਦੀਆਂ ਕਹਾਣੀਆਂ ਵਿਸ਼ੇਸ਼ ਤੌਰ ਤੇ ਪੰਜਾਬੀ ਬਿਰਤਾਂਤ ਦਾ ਰਾਸ਼ਟਰਵਾਦੀ ਪਰਿਪੇਖ ਉਸਾਰਦੀਆਂ ਹਨ।

ਪੰਜਾਬ ਵਿਚ ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਗਦਰ-ਲਹਿਰ ਅਤੇ ਕਿਰਤੀ-ਕਿਸਾਨ ਲਹਿਰ ਦੀਆਂ ਰਾਜਸੀ ਸਰਗਰਮੀਆਂ ਨਾਲ ਪੰਜਾਬ ਵਿਚ ਆਜ਼ਾਦੀ ਦੀ ਲਹਿਰ ਇਸ ਕਦਰ ਪ੍ਰਚੰਡ ਹੁੰਦੀ ਹੈ ਕਿ ਭਾਰਤ ਵਿਚ ਮਹਾਤਮਾ ਗਾਂਧੀ ਦੇ ਅਹਿੰਸਾਵਾਦੀ ਸੁਤੰਤਰਤਾ ਸੰਗਰਾਮ ਅਤੇ ਕਾਂਗਰਸ ਦੇ ਰੂਪ ਵਿਚ ਉਭਰੀ ਰਾਜਸੀ ਚੇਤਨਾ ਦੇ ਮੋਢੇ ਨਾਲ ਮੋਢਾ ਜੋੜ ਕੇ ਆਪਣਾ ਯੋਗਦਾਨ ਪਾਉਣ ਲਗਦੀ ਹੈ। ਨਾਨਕ ਸਿੰਘ ਉਸ ਸਮੇਂ ਖੁਦ ਅਕਾਲੀਆਂ ਵੱਲੋਂ ਚਲਾਏ ਗਏ ਗੁਰੂ ਕੇ ਬਾਗ ਦੇ ਮੋਰਚੇ ਵਿਚ ਸ਼ਾਮਿਲ ਹੋਣ ਕਰਕੇ ਕੈਦ ਭੁਗਤਦਾ ਹੈ। ਇਸ ਸਮੇਂ ਹੀ ਉਹ ਗਲਪ-ਰਚਨਾ ਵੱਲ ਰੁਚਿਤ ਹੁੰਦਾ ਹੈ। ਇਉਂ ਉਸ ਦਾ ਸੁਧਾਰਵਾਦੀ ਦ੍ਰਿਸ਼ਟੀਕੋਣ ਭਾਰਤੀ ਰਾਸ਼ਟਰਵਾਦ ਨਾਲ ਇਕਸੁਰ ਹੁੰਦਾ ਹੈ। ਅਕਾਲੀ ਲਹਿਰ ਦਾ ਵਿਹਾਰਕ ਅਮਲ, ਮਹਾਤਮਾ ਗਾਂਧੀ ਦਾ ਅਹਿੰਸਾਵਾਦੀ ਸੰਘਰਸ਼ ਅਤੇ ਮੁਨਸ਼ੀ ਪ੍ਰੇਮ ਚੰਦ ਦੇ ਨਾਵਲਾਂ ਰਾਹੀਂ ਗ੍ਰਹਿਣ ਕੀਤਾ ਆਦਰਸ਼ਵਾਦੀ ਪ੍ਰਗਤੀਵਾਦ ਨਾਨਕ ਸਿੰਘ ਦੀ ਰਾਸ਼ਟਰਵਾਦੀ ਪਛਾਣ ਦੀ ਆਧਾਰਸ਼ਿਲਾ ਬਣਦੇ ਹਨ। ਇਸ ਲਈ ਉਹ ਸੁਚੇਤ ਭਾਂਤ ਭਾਰਤ ਦੀ ਆਜ਼ਾਦੀ ਲਈ ਸਰਗਰਮ ਹੋ ਜਾਂਦਾ ਹੈ। "ਨਾਨਕ ਸਿੰਘ ਪੰਜਾਬੀ ਦਾ ਪਹਿਲਾ ਨਾਵਲਕਾਰ ਹੈ ਜੋ ਬਰਤਾਨਵੀ ਸਾਮਰਾਜ ਵਿਰੁੱਧ ਉਠੀ ਭਾਰਤੀ ਆਜ਼ਾਦੀ ਦੀ ਲਹਿਰ ਦੀ ਸੁਚੇਤ ਹਮਾਇਤ ਕਰਦਾ ਹੈ।"19

ਨਾਨਕ ਸਿੰਘ ਦਾ ਰਾਸ਼ਟਰਵਾਦ ਅਜਿਹੇ ਆਜ਼ਾਦ ਭਾਰਤ ਦੀ ਕਲਪਨਾ ਕਰਦਾ ਹੈ ਜਿਹੜਾ ਧਰਮ ਨਿਰਪੱਖ (ਤਕਫਚ;ਗ), ਜਾਤ-ਪਾਤ ਦੀਆਂ ਵੰਡੀਆਂ ਤੋਂ ਮੁਕਤ ਅਤੇ ਮਨੁੱਖੀ ਗੌਰਵ ਦੇ ਭਰਪੂਰ ਵਿਕਾਸ ਲਈ ਜਰਖੇਜ਼ ਹੋਵੇ। ਇਸ ਲਈ ਉਹ ਆਪਣੇ ਰਾਸ਼ਟਰਵਾਦ ਨੂੰ ਸੁਧਾਰਵਾਦ ਨਾਲੋਂ ਜੁਦਾ ਨਹੀਂ ਹੋਣ ਦਿੰਦਾ। "ਉਹ ਸੰਕਟਮਈ ਸਥਿਤੀ ਦਾ ਕਾਰਨ ਮਨੁੱਖ ਦੀਆਂ ਨਿੱਜੀ ਖ਼ਾਮੀਆਂ ਜਾਂ ਸਮਾਜਿਕ ਕੁਰੀਤੀਆਂ ਵਿਚ ਨਿਸਚਿਤ ਕਰਦਾ ਹੋਇਆ ਸਮੱਸਿਆ ਦੇ ਨਿਬੇੜੇ ਲਈ ਇਨ੍ਹਾਂ ਖ਼ਾਮੀਆਂ ਅਤੇ ਕੁਰੀਤੀਆਂ ਦੇ ਸੁਧਾਰ ਦਾ ਪ੍ਰਤਿਮਾਨ ਸਿਰਜਦਾ ਹੈ। ਨਾਨਕ ਸਿੰਘ ਦੇ ਨਾਵਲਾਂ ਵਿਚ ਸੁਧਾਰਵਾਦ ਦਾ ਇਹ ਬੁਨਿਆਦੀ ਲੱਛਣ ਇਕ ਤੋਂ ਜ਼ਿਆਦਾ ਰੂਪਾਂ ਵਿਚ ਉਜਾਗਰ ਹੋਇਆ ਹੈ। ਅਨਪੜ੍ਹਤਾ, ਨਸ਼ਿਆਂ ਦਾ ਸੇਵਨ, ਵਿਭਚਾਰ, ਭ੍ਰਿਸ਼ਟਾਚਾਰ, ਚੋਰੀ, ਝੂਠ, ਪਾਖੰਡ, ਅਮਾਨਤ ਵਿਚ ਖ਼ਿਆਨਤ (ਚਿੱਟਾ ਲਹੂ, ਜੀਵਨ-ਸੰਗਰਾਮ, ਪਵਿੱਤਰ ਪਾਪੀ, ਸੰਗਮ, ਕੋਈ ਹਰਿਆ ਬੂਟ ਰਹਿਉ ਰੀ) ਆਦਿ ਨੂੰ ਉਹ ਵਿਅਕਤੀ-ਚਰਿਤਰ ਦੀਆਂ ਖ਼ਾਮੀਆਂ ਸਮਝਦਾ ਹੈ ਅਤੇ ਬਾਲ-ਵਿਆਹ, ਬਿਰਧ-ਵਿਆਹ, ਵਿਧਵਾ-ਵਿਆਹ-ਨਿਸ਼ੇਧ, ਵਿਆਹਾਂ ਉਤੇ ਮੁਜਰੇ ਕਰਾਉਣ ਦੀ ਪ੍ਰਥਾ, ਵੇਸਵਾ-ਗਮਨੀ, ਧਾਰਮਿਕ-ਸੰਪਰਦਾਇਕ ਕੱਟੜਤਾ ਅਤੇ ਮਨੁੱਖੀ ਵਿਤਕਰਿਆਂ (ਚਿੱਟਾ ਲਹੂ, ਪਿਆਰ ਦੀ ਦੁਨੀਆਂ, ਅੱਧ ਖਿੜਿਆ ਫੁੱਲ, ਗਰੀਬ ਦੀ ਦੁਨੀਆਂ, ਅੱਗ ਦੀ ਖੇਡ, ਖ਼ੂਨ ਦੇ ਸੋਹਿਲੇ, ਬੰਜਰ, ਆਸਤਕ-ਨਾਸਤਕ) ਨੂੰ ਉਹ ਸਮਾਜਿਕ ਕੁਰੀਤੀਆਂ ਦੇ ਵਰਗ ਵਿਚ ਰਖਦਾ ਹੈ।"20

ਉਪਰੋਕਤ ਵਰਣਿਤ ਸਮੱਸਿਆਵਾਂ ਵਿਚ ਘਿਰੇ ਪੰਜਾਬੀਆਂ/ਭਾਰਤੀਆਂ ਦੇ ਕਰੁਣਾਮਈ ਗਲਪ-ਚਿੱਤਰ ਸਿਰਜਦਿਆਂ ਨਾਨਕ ਸਿਘ ਬਰਤਾਨਵੀ ਸਾਮਰਾਜੀ ਸਥਾਪਤੀ ਅੱਗੇ ਕੁਝ ਉਸ ਪ੍ਰਕਾਰ ਦੀ ਵੰਗਾਰ ਸਿਟਦਾ ਜਾਪਦਾ ਹੈ ਜਿਸ ਤਰ੍ਹਾਂ ਦੀ ਸੁਆਮੀ ਵਿਵੇਕਾਨੰਦ ਨੇ ਸ਼ਿਕਾਗੋ ਦੇ ਵਿਸ਼ਵ-ਧਰਮ ਸੰਮੇਲਨ ਦੌਰਾਨ ਈਸਾਈ ਵਰਗ ਸਾਹਮਣੇ ਇਹ ਕਹਿੰਦਿਆਂ ਸਿੱਟੀ ਸੀ ਕਿ "ਤੁਸੀਂ ਈਸਾਈ ਲੋਕ ਮੂਰਤੀ-ਪੂਜਕਾਂ ਦੀ ਆਤਮਾ ਦੇ ਬਚਾਓ ਲਈ

ਭਾਰਤ ਵਿਚ ਧਰਮ ਪ੍ਰਚਾਰਕ ਭੇਜਣ ਨੂੰ ਬੜੇ ਵਿਆਕੁਲ ਵਿਖਾਈ ਦਿੰਦੇ ਹੋ, ਪਰੰਤੂ ਇਨ੍ਹਾਂ ਮੂਰਤੀ-ਪੂਜਕਾਂ ਨੂੰ ਸਰੀਰ ਦੀ ਭੁੱਖ-ਰੂਪੀ ਜਵਾਲਾ ਤੋਂ ਬਚਾਉਣ ਲਈ ਤੁਸੀਂ ਕੀ ਕਰ ਰਹੇ ਹੋ ?"21

**ਦਿਲਚਸਪ** ਗੱਲ ਇਹ ਹੈ ਕਿ ਅਧਿਆਤਮਕ-ਮੁਕਤੀ ਦੀ ਚਾਹਨਾ ਨਾਨਕ ਸਿੰਘ ਦੇ ਇਕ ਵੀ ਪਾਤਰ ਵਿਚ ਵੇਖਣ ਨੂੰ ਨਹੀਂ ਮਿਲਦੀ, ਇਸ ਦੀ ਥਾਂ ਉਹ ਆਪਣੀਆਂ ਵਿਹਾਰਕ ਸਮੱਸਿਆਵਾਂ ਦੇ ਲੌਕਿਕ ਹੱਲ ਲਈ ਤਿਲਮਿਲਾਉਂਦੇ ਨਜ਼ਰ ਆਉਂਦੇ ਹਨ। ਆਧੁਨਿਕ ਦ੍ਰਿਸ਼ਟੀ ਦੇ ਪੱਖੋਂ ਨਾਨਕ ਸਿੰਘ ਦਾ ਇਹ ਲੌਕਿਕਵਾਦ ਉਸ ਦੇ ਬਿਰਤਾਂਤਕ ਪ੍ਰਵਚਨ ਨੂੰ ਆਪਣੇ ਪੂਰਵਕਾਲੀ ਗਲਪਕਾਰ ਭਾਈ ਵੀਰ ਸਿੰਘ ਤੋਂ ਇਕ ਕਦਮ ਅੱਗੇ ਵੱਲ ਲੈ ਜਾਂਦਾ ਹੈ।

ਨਾਨਕ ਸਿੰਘ ਨੇ ਆਜ਼ਾਦੀ ਲਈ ਲੜਾਈ ਵਾਸਤੇ ਸੰਘਰਸ਼ਸ਼ੀਲ ਵੱਖ ਵੱਖ ਧਿਰਾਂ ਦਾ ਯਥਾਰਥਕ ਗਲਪ-ਚਿੱਤਰ ਆਪਣੇ 1928-29 ਵਿਚ ਲਿਖੇ ਗਏ ਅਤੇ 1938 ਵਿਚ ਸੋਧ ਕੇ ਪ੍ਰਕਾਸ਼ਤ ਕੀਤੇ ਗਏ ਨਾਵਲ 'ਪਿਆਰ ਦੀ ਦੁਨੀਆਂ' ਵਿਚ ਸਿਰਜਿਆ ਹੈ। ਇਸ ਵਿਚ ਸੁੰਦਰ ਦਾਸ ਨਾਂ ਦਾ ਪਾਤਰ ਮਹਾਤਮਾ ਗਾਂਧੀ ਦੇ ਅਹਿੰਸਾਵਾਦੀ ਸਿਧਾਂਤਾਂ ਦਾ ਪ੍ਰਤੀਨਿਧ ਹੈ। ਪਾਤਰ ਬਾਬਾ ਜੀ ਦੀ ਹਥਿਆਰਬੰਦ ਸੰਘਰਸ਼ ਵਿਚ ਵਿਸ਼ਵਾਸ ਰੱਖਣ ਵਾਲੀ ਧਿਰ ਭਗਤ ਸਿੰਘ ਅਤੇ ਉਸਦੀ ਪਾਰਟੀ 'ਹਿੰਦੋਸਤਾਨ ਸੋਸ਼ਲਿਸਟ ਰੀਪਬਲਿਕ ਪਾਰਟੀ' ਦੀ ਪ੍ਰਤੀਨਿਧਤਾ ਕਰਦੀ ਹੈ। ਪਰ ਨਾਨਕ ਸਿੰਘ ਨੂੰ ਹਥਿਆਰਬੰਦ ਸੰਘਰਸ਼ ਵਾਲਾ ਵਿਧੀ-ਵਿਧਾਨ ਸਵੀਕਾਰ ਨਹੀਂ, ਇਸ ਲਈ ਉਹ ਸੁੰਦਰ ਦਾਸ ਨੂੰ ਆਪਣੇ ਵਿਚਾਰਧਾਰਕ ਸਰੋਕਾਰਾਂ ਦਾ ਵਾਹਨ ਬਣਾਉਂਦਾ ਹੈ। ਸੁੰਦਰ ਦਾਸ ਆਪਣੇ ਸੇਵਾ-ਭਾਵ ਅਤੇ ਲੋਕਾਂ ਨਾਲ ਸੁਹਿਰਦ ਵਰਤਾਓ ਕਾਰਨ ਲੋਕਾਂ ਵਿਚ ਵਧੇਰੇ ਹਰਮਨ ਪਿਆਰਾ ਸਿੱਧ ਹੁੰਦਾ ਹੈ। ਆਪਣੇ ਅਜਿਹੇ ਵਿਵਹਾਰ ਕਾਰਨ ਉਹ ਪੁਸ਼ਪਾ ਨਾਂ ਦੀ ਇਸਤਰੀ ਨੂੰ ਪਹਿਲਾਂ ਦੇਸ਼-ਭਗਤੀ ਦੇ ਲੜ ਲਾਉਂਦਾ ਹੈ ਅਤੇ ਫਿਰ ਉਸ ਨੂੰ ਜੀਵਨ-ਸਾਥਣ ਬਣਾ ਲੈਂਦਾ ਹੈ।

ਭਾਰਤ ਦੀ ਆਜ਼ਾਦੀ ਭਾਵੇਂ ਬਹੁਤ ਵੱਡੀ ਪ੍ਰਾਪਤੀ ਸੀ ਪਰ ਪੰਜਾਬੀ ਮਨ ਇਸ ਇਤਿਹਾਸਕ ਘਟਨਾ ਨੂੰ ਨਿਰੋਲ ਜਸ਼ਨ ਵਾਂਗ ਨਾ ਲੈ ਸਕਿਆ ਕਿਉਂਕਿ ਇਸ ਨਾਲ ਪੰਜਾਬ ਦੀ ਵੰਡ, ਸੰਪਰਦਾਇਕ ਕਤਲੇਆਮ ਅਤੇ ਉਜਾੜੇ ਦੀ ਪੀੜ ਵੀ ਝੇਲਣੀ ਪੈ ਗਈ ਸੀ। ਆਪਣੇ ਨਾਵਲਾਂ 'ਖ਼ੂਨ ਦੇ ਸੋਹਿਲੇ', 'ਅੱਗ ਦੀ ਖੇਡ', 'ਮੰਝਧਾਰ' ਅਤੇ 'ਚਿੱਤਰਕਾਰ' ਵਿਚ ਨਾਨਕ ਸਿੰਘ ਹਿੰਦੂ-ਸਿੱਖ ਅਤੇ ਮੁਸਲਮਾਨਾਂ ਵਿਚਕਾਰ ਹੋਏ ਦੰਗਿਆਂ ਨਾਲ ਗ੍ਰਹਿਣੀ ਗਈ ਆਜ਼ਾਦੀ ਸਬੰਧੀ ਬਿਰਤਾਂਤਕ ਪ੍ਰਵਚਨ ਸਿਰਜਦਾ ਹੈ। ਇਕ ਪਾਸੇ ਦੰਗਾਕਾਰੀ ਅਤੇ ਉਨ੍ਹਾਂ ਨੂੰ ਭੜਕਾਉਣ ਵਾਲੇ ਕੱਟੜਧਰਮੀ ਅਤੇ ਸਿਆਸੀ ਲੋਕ ਹਨ ਅਤੇ ਦੂਜੇ ਪਾਸੇ ਮਾਹੌਲ ਨੂੰ ਸਾਵਾਂ ਕਰਨ ਵਾਲੇ ਉਹ ਆਦਰਸ਼ਕ ਪਾਤਰ ਹਨ ਜਿਹੜੇ ਨਿਰਸੁਆਰਥ ਹੋ ਕੇ ਮਾਨਵਵਾਦ ਦਾ ਪੱਲਾ ਫੜੀ ਰਖਦੇ ਹਨ। ਮਿਸਾਲ ਵਜੋਂ 'ਖ਼ੂਨ ਦੇ ਸੋਹਿਲੇ' ਦਾ ਸ਼ਾਹੂਕਾਰ ਭਾਨੇ ਸ਼ਾਹ ਸੰਪਰਦਾਇਕ ਦੰਗਿਆਂ ਨੂੰ ਰੋਕਣ ਲਈ ਮਾਨਵੀ ਅਤੇ ਸੁਹਿਰਦ ਜਤਨ ਕਰਨ ਵਾਲਾ ਪਾਤਰ ਹੈ ਤਾਂ ਪਿੰਡ ਦਾ ਮੁਨਸ਼ੀ ਦੰਗੇ ਭੜਕਾਉਣ ਰਾਹੀਂ ਆਪਣੇ ਹਿਤਾਂ ਦੀ ਪੂਰਤੀ ਕਰਨੀ ਚਾਹੁੰਦਾ ਹੈ।

ਵੀਹਵੀਂ ਸਦੀ ਦੇ ਪੰਜਾਬ ਦੇ ਸਭ ਤੋਂ ਵੱਡੇ ਦੁਖਾਂਤ (1947 ਦੀ ਵੰਡ) ਨੂੰ ਪੇਸ਼ ਕਰਦਿਆਂ ਭਾਵੇਂ ਨਾਨਕ ਸਿੰਘ ਪੂਰੀ ਤਰ੍ਹਾਂ ਸੁਹਿਰਦ ਅਤੇ ਮਾਨਵਵਾਦੀ ਰਹਿੰਦਾ ਹੈ ਪਰ ਆਪਣੇ ਆਦਰਸ਼ਵਾਦੀ ਦ੍ਰਿਸ਼ਟੀਕੋਣ ਦੀਆਂ ਸੀਮਾਵਾਂ ਕਾਰਨ ਇਸ ਦੁਖਾਂਤ ਦੇ ਵਾਸਤਵਿਕ ਪ੍ਰੇਰਕਾਂ ਦੀ ਡੂੰਘੀ ਥਾਹ ਪਾਉਣ ਤੋਂ ਖੁੰਝ ਜਾਂਦਾ ਹੈ। ਉਸ ਦੀ ਇਹ ਸੀਮਾਂ ਸਪੱਸ਼ਟ ਨਜ਼ਰ ਆਉਂਦੀ ਹੈ। "ਉਹ ਆਦਰਸ਼ਵਾਦੀ ਇਕ ਤਾਂ ਇਸ ਲਈ ਹੈ ਕਿ ਮਨੁੱਖੀ ਭਾਈਚਾਰੇ ਦੀਆਂ ਕੀਮਤਾਂ ਨੂੰ ਉਹ ਹਾਲਾਤ ਦੀ ਭੌਂ ਵਿਚੋਂ ਖੁੱਗ ਕੇ ਨਿਰਪੇਖ ਰੂਪ ਵਿਚ ਵੇਖਦਾ ਹੈ। ਦੂਸਰੇ ਇਨ੍ਹਾਂ ਕੀਮਤਾਂ ਨੂੰ ਅਜਿਹੇ ਵਿਅਕਤੀਆਂ ਦੇ ਮਨ ਵਿਚ ਟਿਕਾਉਂਦਾ ਹੈ ਜਿਥੇ ਇਹ ਟਿਕ ਨਹੀਂ ਸਕਦੀਆਂ ਅਤੇ ਤੀਸਰੇ ਉਹ ਸੰਘਰਸ਼ਮਈ ਨਾਲੋਂ ਸ਼ਾਂਤਮਈ ਰਾਹ ਨੂੰ ਤਰਜੀਹ ਦਿੰਦਾ ਹੈ, ਅਜਿਹਾ ਕਰਨ ਨਾਲ ਭਾਵੇਂ ਉਹ ਆਪਣੇ ਆਦਰਸ਼ ਵਿਚ ਕਾਮਯਾਬ ਨਾ ਵੀ ਹੋਵੇ।"22

**ਆਪਣੇ** ਅਹਿੰਸਾਵਾਦੀ ਆਦਰਸ਼ਵਾਦ ਦੀਆਂ ਕੁਝ ਵਿਚਾਰਧਾਰਕ ਸੀਮਾਵਾਂ ਦੇ ਬਾਵਯੂਦ ਨਾਨਕ ਸਿੰਘ ਦੇ ਨਾਵਲੀ ਪ੍ਰਵਚਨ ਵਿਚ ਵੰਡ ਦੇ ਦੁਖਾਂਤ ਤੋਂ ਪੀੜਤ ਪੰਜਾਬੀ ਜਨ (ਸਿੱਖ, ਮੁਸਲਮਾਨ, ਹਿੰਦੂ ਆਦਿ) ਦੇ ਦਰਦ ਨੂੰ ਕਰੁਣਾਮਈ ਢੰਗ ਨਾਲ ਚਿਤਰਿਆ ਗਿਆ ਹੈ।

**ਨਾਨਕ** ਸਿੰਘ ਵਾਂਗ ਹੀ ਕਹਾਣੀਕਾਰ ਅਤੇ ਕਵੀ ਗੁਰਮੁਖ ਸਿੰਘ ਮੁਸਾਫ਼ਰ ਸੁਚੇਤ ਭਾਂਤ ਸੁਤੰਤਰਤਾ ਸੰਗਰਮ ਦੀ ਰਾਸ਼ਟਰਵਾਦੀ ਲਹਿਰ ਦੇ ਪ੍ਰਭਾਵ ਅਧੀਨ ਰਚਨਾ-ਕਾਰਜ ਵਿਚ ਰੁਝਦਾ ਹੈ। ਸਰਗਰਮ ਰਾਜਨੀਤੀ ਨਾਲ ਜੁੜੇ ਹੋਣ ਅਤੇ ਜੇਲ੍ਹ-ਯਾਤਰਾ ਦਾ ਤਨ-ਹੰਢਾਇਆ ਅਨੁਭਵ ਹੋਣ ਕਰਕੇ ਗੁਰਮੁਖ ਸਿੰਘ ਮੁਸਾਫ਼ਰ ਰਾਸ਼ਟਰਵਾਦੀ

ਪੰਜਾਬੀ ਚੇਤਨਾ ਦੇ ਬਸਤੀਵਾਦੀ ਚੇਤਨਾ ਨਾਲ ਟਕਰਾਉਣ ਦੇ ਬੜੇ ਪ੍ਰਮਾਣਿਕ ਵੇਰਵੇ ਸਿਰਜਦਾ ਹੈ। ਮਿਸਾਲ ਵਜੋਂ ਉਸ ਦੀ ਕਹਾਣੀ 'ਬਾਗੀ ਦੀ ਧੀ'23 ਇਸ ਪ੍ਰਸੰਗ ਵਿਚ ਉਲੇਖਯੋਗ ਹੈ। ਕਹਾਣੀ 'ਬਾਗੀ ਦੀ ਧੀ' ਇਕ ਸੁਤੰਤਰਤਾ ਸੰਗਰਾਮੀ ਕਿਸ਼ਨ ਸਿੰਘ ਅਤੇ ਉਸ ਦੇ ਪਰਿਵਾਰ ਵੱਲੋਂ ਝੱਲੇ ਗਏ ਅਕਹਿ ਕਸ਼ਟਾਂ ਦਾ ਬਿਰਤਾਂਤ ਪੇਸ਼ ਕਰਦੀ ਹੈ। ਆਜ਼ਾਦੀ ਦੀ ਲੜਾਈ ਸਿਖਰ ਉਤੇ ਪਹੁੰਚੀ ਹੋਣ ਕਾਰਨ ਅੰਗਰੇਜ਼ ਹਕੂਮਤ ਦੇ ਪੁਲਸ ਰਾਹੀਂ ਦਮਨ ਅਤੇ ਦੇਸ਼ ਭਗਤਾਂ ਦੀ ਫੜੋ-ਫੜੀ ਦਾ ਦੌਰ ਚੱਲ ਰਿਹਾ ਹੈ। ਕਿਸ਼ਨ ਸਿੰਘ ਦੀ ਪਤਨੀ ਸ਼ਰਨ ਕੌਰ ਭਾਰਤ ਦੇ ਕੌਮੀ ਝੰਡੇ ਨੂੰ ਥਾਣੇ ਦੀ ਬੈਰਕ ਉਤੇ ਝੁਲਾਉਣ ਵਾਲੇ ਬੀਬੀਆਂ ਦੇ ਜੱਥੇ ਦੀ ਅਗਵਾਈ ਕਰ ਰਹੀ ਹੈ। ਪੁਲਸ ਲਾਠੀਚਾਰਜ ਨਾਲ ਉਨ੍ਹਾਂ ਨੂੰ ਖਦੇੜਨਾ ਚਾਹੁੰਦੀ ਹੈ। ਸ਼ਰਨ ਕੌਰ ਵਾਂਗ ਹੀ ਉਸ ਦੇ ਪਤੀ ਕਿਸ਼ਨ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੋਇਆ ਹੈ। ਉਨ੍ਹਾਂ ਦੀ ਦਸ-ਬਾਰਾਂ ਸਾਲ ਦੀ ਬੱਚੀ ਲਾਜ ਘਰ ਵਿਚ 102 ਡਿਗਰੀ ਬੁਖ਼ਾਰ ਨਾਲ ਤੜਪ ਰਹੀ ਹੈ। ਭਾਵੇਂ ਲਾਜ ਦੀ ਦੇਖ-ਭਾਲ ਕਰਨ ਲਈ ਉਸ ਦੀ ਭੂਆ ਵੀਰਾਂ ਵਾਲੀ ਘਰ ਵਿਚ ਹੈ ਪਰ ਲਾਜ ਦਾ ਇਹ ਸਹਾਰਾ ਵੀ ਛੇਤੀ ਹੀ ਖੁੱਸ ਜਾਂਦਾ ਹੈ। ਵੀਰਾਂ ਵਾਲੀ ਦਾ ਪਤੀ ਹੁਸ਼ਨਾਕ ਸਿੰਘ ਜੋ ਅੰਗਰੇਜ਼ ਦੀ ਫੌਜ ਵਿਚ ਅਧਿਕਾਰੀ ਹੈ, ਆਪਣੀ ਪਤਨੀ ਉਤੇ ਦਬਾਅ ਪਾ ਕੇ ਆਪਣੇ ਨਾਲ ਛਾਉਣੀ ਲੈ ਜਾਂਦਾ ਹੈ। ਉਸ ਨੂੰ ਲਗਦਾ ਹੈ ਕਿ "ਬਾਗੀ" ਪਰਿਵਾਰ ਨਾਲ ਸਾਂਝ ਉਸ ਦੀ ਤਰੱਕੀ ਵਿਚ ਰੁਕਾਵਟ ਬਣ ਜਾਵੇਗੀ। ਬੇਸਹਾਰਾ ਹੋਈ ਬੱਚੀ ਲਾਜ ਨੂੰ ਕੋਈ ਹਮਦਰਦ ਹਸਪਤਾਲ ਦਾਖਲ ਕਰਾਉਂਦਾ ਹੈ। ਜਦੋਂ ਤੱਕ ਕਿਸ਼ਨ ਸਿੰਘ ਅਤੇ ਉਸ ਦੀ ਪਤਨੀ ਸ਼ਰਨ ਕੌਰ ਜੇਲ੍ਹ ਤੋਂ ਛੁੱਟ ਕੇ ਆਉਂਦੇ ਹਨ, ਉਸ ਸਮੇਂ ਤੱਕ ਲਾਜ ਅੰਤਿਮ ਸਾਹਾਂ ਤੱਕ ਪਹੁੰਚ ਜਾਂਦੀ ਹੈ ਅਤੇ ਆਖੀਰ ਗੁਜ਼ਰ ਜਾਂਦੀ ਹੈ।

ਕਹਾਣੀ ਦੇ ਵਸਤੂ-ਵੇਰਵਿਆਂ ਅਨੁਸਾਰ ਕਿਸ਼ਨ ਸਿੰਘ ਅਤੇ ਸ਼ਰਨ ਕੌਰ ਜੇਲ੍ਹਾਂ ਦੇ ਤਸੀਹੇ ਝਲਦੇ ਹਨ, ਵੀਰਾਂ ਵਾਲੀ ਆਪਣੇ ਭਰਾ ਦੀ ਅਮਾਨਤ ਅਰਥਾਤ ਆਪਣੀ ਭਤੀਜੀ ਲਾਜ ਨੂੰ ਸਹਾਰਾ ਨਾ ਦੇ ਸਕਣ ਦੇ ਗ਼ਮ ਨਾਲ ਮਰ ਜਾਂਦੀ ਹੈ ਅਤੇ ਲਾਜ ਬਿਮਾਰੀ ਨਾਲ ਗੁਜ਼ਰ ਜਾਂਦੀ ਹੈ। ਇਉਂ ਸਾਰਾ ਪਰਿਵਾਰ ਹੀ ਦੁਖਾਂਤ ਭੋਗਦਾ ਹੈ ਪਰ ਇਸ ਦੇ ਬਾਵਜੂਦ ਆਪਣੇ ਦੇਸ਼-ਭਗਤੀ ਦੇ ਜਜ਼ਬੇ ਨਾਲ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਮਿਸਾਲ ਵਜੋਂ ਆਪਣੇ ਪਰਿਵਾਰ ਵਿਚੋਂ ਵਿਰਸੇ 'ਚ ਦੇਸ਼-ਪ੍ਰੇਮ ਦਾ ਜਜ਼ਬਾ ਗ੍ਰਹਿਣ ਕਰ ਚੁੱਕੀ ਲਾਜ ਬਿਮਾਰ ਹੋਣ ਅਤੇ ਛੋਟੀ ਉਮਰ ਦੇ ਬਾਵਯੂਦ ਇਹ ਕਹਿ ਕੇ ਜੇਲ੍ਹ ਜਾਣ ਦੀ ਇੱਛਾ ਪ੍ਰਗਟ ਕਰਦੀ ਹੈ, "ਸਾਹਿਬਜ਼ਾਦਿਆਂ ਦੀ ਉਮਰ ਕਿਤਨੀ ਸੀ, ਉਹ ਤੇ ਇਸ ਉਮਰ ਵਿਚ ਸ਼ਹੀਦ ਵੀ ਹੋ ਗਏ ਸਨ। ਮੈਂ ਜੇਹਲ ਨਹੀਂ ਜਾ ਸਕਦੀ ੧ੳ" ਲਾਜ ਦੇ ਇਹ ਸੂਰਬੀਰਤਾ ਭਰੇ ਬੋਲ ਪੰਜਾਬ ਦੇ ਆਪਾ-ਵਾਰੂ ਵਿਰਸੇ ਦਾ ਢੁਕਵਾਂ ਉਚਾਰ ਬਣ ਜਾਂਦੇ ਹਨ।

ਮੁਸਾਫ਼ਰ ਦੀਆਂ ਕਹਾਣੀਆਂ ਰਾਹੀਂ ਇਕ ਪਾਸੇ ਉਨ੍ਹਾਂ ਸੂਰਬੀਰ ਪੰਜਾਬੀਆਂ ਦਾ ਮਾਨਸਿਕ ਅਤੇ ਸਰੀਰਕ ਸੰਘਰਸ਼ ਉਜਾਗਰ ਹੁੰਦਾ ਹੈ ਜਿਹੜੇ ਹਰ ਤਰ੍ਹਾਂ ਦੇ ਕਸ਼ਟ ਝੇਲ ਕੇ ਵੀ ਆਜ਼ਾਦੀ ਦੀ ਪ੍ਰਾਪਤੀ ਲਈ ਜੂਝਦੇ ਰਹੇ ਅਤੇ ਦੂਜੇ ਪਾਸੇ ਪੰਜਾਬ ਦੀ ਵੰਡ ਨਾਲ ਆਪਣੇ ਹਮਸਾਇਆ ਤੋਂ ਵਿਛੜ ਜਾਣ ਦੀ ਪੀੜ ਵੀ ਉਜਾਗਰ ਹੁੰਦੀ ਹੈ। ਉਸ ਦੀ ਕਹਾਣੀ 'ਠਿੱਬੀ ਜੁੱਤੀ'24 ਇਕ ਹਿੰਦੂ ਨੌਜਵਾਨ ਵੈਰਾਗ ਅਤੇ ਮੋਚੀਆਂ ਦੀ ਮੁਸਲਿਮ ਲੜਕੀ ਨੂਰੋ ਦੇ ਪ੍ਰਸਪਰ ਮੋਹ-ਤੇਹ ਦੇ ਰਿਸ਼ਤੇ ਵਿਚ ਮੁਲਕਾਂ ਦੀ ਵੰਡ ਨਾਲ ਉਸਰੀ ਸਰਹੱਦ ਆ ਖੜ੍ਹੀ ਹੁੰਦੀ ਹੈ। ਵੈਰਾਗ ਦੀ ਨੂਰੋ ਅਤੇ ਉਸ ਦੇ ਪਰਿਵਾਰ ਨਾਲ ਗਹਿਰੀ ਸਾਂਝ ਦਾ ਅਹਿਸਾਸ ਇਸ ਤੱਥ ਰਾਹੀਂ ਮੂਰਤੀਮਾਨ ਹੁੰਦਾ ਹੈ ਕਿ ਵੈਰਾਗ ਉਨ੍ਹਾਂ ਦੀ ਪਿਆਰ ਨਿਸ਼ਾਨੀ ਵਜੋਂ ਦਿੱਤੀ ਜੁੱਤੀ ਨੂੰ ਠਿੱਬੀ ਹੋਣ ਅਤੇ ਕਸ਼ਟ ਦੇਣ ਦੇ ਬਾਵਯੂਦ ਪੈਰੀਂ ਪਾਈ ਫਿਰਨ ਦਾ ਜਨੂੰਨ ਦੀ ਹੱਦ ਤੱਕ ਇੱਛਾਵਾਨ ਹੈ। ਦੂਜੇ ਪਾਸੇ ਨੂਰੋ ਕੋਲ ਵੈਰਾਗ ਦੀ ਨਿਸ਼ਾਨੀ ਉਸ ਦੀ ਬੱਚਾ ਹੈ। ਵੰਡ ਦੌਰਾਨ ਹੋਏ ਸੰਪਰਦਾਇਕ ਦੰਗਿਆਂ ਦੇ ਬਾਵਯੂਦ ਬਚੀ ਮਾਨਵੀ ਸਾਂਝ ਵਾਲੇ ਪਾਸਾਰ ਨੂੰ ਇਹ ਕਹਾਣੀ ਬਾਖੂਬੀ ਚਿਤਰਦੀ ਹੈ।

ਪੰਜਾਬੀ ਬਿਰਤਾਂਤਕ ਪ੍ਰਵਚਨ ਵਿਚ ਵੰਡ ਦੇ ਕਾਰਨਾਂ ਅਤੇ ਮਾਰੂ ਪ੍ਰਭਾਵਾਂ ਦੇ ਅਨੇਕਾਂ ਪਾਸਾਰ ਖੁਲ੍ਹਦੇ ਹਨ। ਪੰਜਾਬ ਦੇ ਉਰਦੂ ਅਤੇ ਹਿੰਦੀ 'ਚ ਲਿਖਣ ਵਾਲੇ ਗਲਪਕਾਰਾਂ — ਸਆਦਤ ਹਸਨ ਮੰਟੋ, ਰਾਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ, ਅੱਬਾਸ, ਬਲਵੰਤ ਸਿੰਘ, ਭੀਸ਼ਮ ਸਾਹਨੀ, ਕਮਲੇਸ਼ਵਰ ਆਦਿ-ਵਾਂਗ ਹੀ ਪੰਜਾਬੀ ਗਲਪਕਾਰਾਂ ਨੇ ਵੀ ਇਸ ਵਿਸ਼ੇ ਸਬੰਧੀ ਭਰਪੂਰ ਰਚਨਾ ਕੀਤੀ ਹੈ। ਨੀਲੀ ਬਾਰ, ਦੀਨ ਦੁਨੀਆਂ (ਸੁਰਿੰਦਰ ਸਿੰਘ ਨਰੂਲਾ), ਪਿੰਜਰ (ਅੰਮ੍ਰਿਤਾ ਪ੍ਰੀਤਮ), ਨਹੁੰ ਤੇ ਮਾਸ (ਕਰਤਾਰ ਸਿੰਘ ਦੁੱਗਲ), ਤੂਤਾਂ ਵਾਲਾ ਖੂਹ (ਸੋਹਨ ਸਿੰਘ ਸੀਤਲ) ਆਦਿ ਨਾਵਲਾਂ ਤੋਂ ਇਲਾਵਾ ਬਹੁਤ ਸਾਰੀਆਂ ਕਹਾਣੀਆਂ ਦੀ ਰਚਨਾ ਹੋਈ ਹੈ। ਪੋਲੈਂਡ ਦੀ ਚਿੰਤਕ ਅੱਨਾ ਸ਼ੇਕਲੂਤਸਕਾ ਵੱਲੋਂ ਸੰਪਾਦਿਤ ਸਮਦਰਸ਼ੀ ਮੈਗਜ਼ੀਨ ਦੇ ਵਿਸ਼ੇਸ਼ ਅੰਕ 'ਸੰਤਾਲੀਨਾਮਾ' ਵਿਚ ਪ੍ਰਮੁੱਖ ਕਹਾਣੀਕਾਰਾਂ

ਦੀਆਂ ਇਕਵੰਜਾ ਕਹਾਣੀਆਂ ਵੰਡ ਦੇ ਥੀਮ ਨੂੰ ਵਿਭਿੰਨ ਕੋਣਾਂ ਤੋਂ ਵੇਖਣ ਵਾਲੀਆਂ ਰਚਨਾਵਾਂ ਹਨ। ਇਹ ਗਲਪ ਰਚਨਾਵਾਂ ਜਿੱਥੇ ਵੰਡ ਨਾਲ ਪੈਦਾ ਹੋਈ ਤ੍ਰਾਸਦੀ ਦਾ ਵਰਨਣ ਕਰਦੀਆਂ ਹਨ ਉਥੇ ਵੰਡ ਦੇ ਪਿਛੋਕੜ ਵਿਚ ਕੰਮ ਕਰਦੀ ਰਹੀ ਸਾਮਰਾਜੀ ਬਸਤੀਵਾਦੀ ਸ਼ਕਤੀ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦੇ ਸਿੱਟਿਆਂ ਨੂੰ ਵੀ ਭਲੀ-ਭਾਂਤ ਪਛਾਣਦੀਆਂ ਹਨ। ਪਰ ਕੁਝ ਵਿਸ਼ੇਸ਼ ਕਾਰਨਾਂ ਕਰਕੇ ਪਾਕਿਸਤਾਨੀ ਪੰਜਾਬੀ ਬਿਰਤਾਂਤਕਾਰ ਵੰਡ ਦੇ ਦੁਖਾਂਤ ਬਾਰੇ ਗਹਿਰੀ ਚੁੱਪ ਧਾਰਨ ਕਰ ਲੈਂਦਾ ਹੈ। "ਪਾਕਿਸਤਾਨ ਦੇ ਲੇਖਕਾਂ ਲਈ ਵੰਡ ਨਿਰੋਲ ਦੁਖਾਂਤ ਨਹੀਂ, ਸਗੋਂ ਪਾਕਿਸਤਾਨ ਦੀ ਸਥਾਪਨਾ ਲਈ ਸੰਘਰਸ਼ ਕਰ ਰਹੇ ਲੋਕਾਂ ਦੀ ਇਤਿਹਾਸਕ ਪੂਰਤੀ ਹੈ। ਇਸ ਦੇ ਟਾਕਰੇ ਤੇ ਭਾਰਤੀ ਲੇਖਕਾਂ ਲਈ ਵੰਡ ਇਕ ਐਸਾ ਸੰਪੂਰਨ ਦੁਖਾਂਤ ਸੀ ਜਿਸਦਾ ਕੋਈ ਵੀ ਸਾਰਥਕ ਜਾਂ ਉਸਾਰੂ ਪੱਖ ਨਹੀਂ ਸੀ।"25

1947 ਈ. ਵਿਚ ਭਾਰਤ ਦੇ ਆਜ਼ਾਦ ਹੋਣ ਤੱਕ ਆਧੁਨਿਕ ਪੰਜਾਬੀ ਬਿਰਤਾਂਤਕ ਪ੍ਰਵਚਨ ਦੇ ਵਿਚਾਰਧਾਰਕ ਖਾਸੇ ਨੂੰ ਨਿਰਧਾਰਤ ਕਰਨ ਵਾਲਾ ਸਭ ਤੋਂ ਪ੍ਰਮੁੱਖ ਪ੍ਰੇਰਕ ਸੁਤੰਤਰਤਾ ਸੰਗਰਾਮ ਬਣਦਾ ਹੈ। ਪੰਜਾਬੀ ਆਧੁਨਿਕ ਭਾਵ-ਬੋਧ ਆਜ਼ਾਦੀ ਦੇ ਸੰਘਰਸ਼ ਨਾਲ ਇਕਸੁਰ ਹੋ ਕੇ ਵਿਕਸਤ ਹੁੰਦਾ ਹੈ। ਆਧੁਨਿਕ ਭਾਰਤ/ਪੰਜਾਬ ਦਾ ਮੁਹਾਂਦਰਾ ਕਿਹੋ ਜਿਹਾ ਹੋਵੇ ੧ੳ ਇਸ ਪਰਿਕਲਪਨਾ ਵਿਚੋਂ ਜਿਹੜਾ ਨਵੇਂ ਭਾਰਤ ਦਾ ਬਿੰਬ ਉਭਰਦਾ ਹੈ ਉਹ ਆਰਥਿਕ ਤੌਰ ਤੇ ਸਵੈਨਿਰਭਰ, ਸਮਾਜਿਕ ਤੌਰ ਤੇ ਜਾਤ-ਪਾਤ, ਰੰਗ, ਲਿੰਗ, ਨਸਲ, ਧਰਮ ਦੇ ਭਿੰਨ-ਭੇਦ ਤੋਂ ਰਹਿਤ ਅਤੇ ਰਾਜਸੀ ਤੌਰ ਖੁਦਮੁਖ਼ਤਾਰ ਸੱਤਾ-ਸੰਪੰਨ ਮੁਲਕ ਦਾ ਹੈ। ਅਜਿਹੇ ਸੁਪਨਈ ਦੇਸ ਦੀ ਹੋਂਦ ਬਰਤਾਨਵੀ ਬਸਤੀਵਾਦੀ ਸਾਮਰਾਜ ਤੋਂ ਸੁਤੰਤਰ ਹੋਏ ਬਿਨਾ ਸੰਭਵ ਨਹੀਂ ਸੀ। ਇਸ ਮਨੋਰਥ ਲਈ ਜਿਹੜਾ ਰਾਸ਼ਟਰਵਾਦੀ ਵਿਚਾਰਧਾਰਕ ਮੁਹਾਜ਼ ਬਣਦਾ ਹੈ ਉਹ ਹਰੇਕ ਉਸ ਵਰਤਾਰੇ ਦਾ ਵਿਰੋਧ ਕਰਦਾ ਹੈ ਜੋ ਸਾਮੰਤਵਾਦੀ ਰੂੜ੍ਹੀਵਾਦੀ ਕਦਰਾਂ ਦੀ ਹਾਮੀ ਭਰਨ ਵਾਲਾ ਅਤੇ ਸਾਮਰਾਜੀ ਸਥਾਪਤੀ ਨੂੰ ਸ਼ਕਤੀਵਾਰ ਬਣਾਉਣ ਵਾਲਾ ਹੋਵੇ, ਇਸ ਦੇ ਉਲਟ ਆਪਣੇ ਪਰਿਕਲਪਤ ਭਾਰਤ/ਪੰਜਾਬ ਦੀ ਸਿਰਜਣਾ ਵਿਚ ਸਹਾਇਕ ਹਰੇਕ ਵਰਤਾਰੇ ਦੀ ਪ੍ਰੋੜ੍ਹਤਾ ਕਰਦਾ ਹੈ। ਪੰਜਾਬੀ ਬਿਰਤਾਂਤਕ ਪ੍ਰਵਚਨ ਸਾਮਰਾਜ ਵਿਰੋਧੀ ਵਿਚਾਰਧਾਰਕ ਮੁਹਾਜ਼ ਨਾਲ ਇਕਸੁਰ ਹੋ ਕੇ ਵਿਕਸਤ ਹੁੰਦਾ ਹੈ।

ਸੁਤੰਤਰਤਾ ਪ੍ਰਾਪਤੀ ਦੇ ਨਾਲ ਹੀ ਭਾਰਤ ਅਤੇ ਪੰਜਾਬ ਦੇ ਰਿਸ਼ਤੇ ਦੀ ਸਮੀਕਰਨ ਪਰਿਵਰਤਤ ਹੋਣ ਲੱਗ ਪੈਂਦੀ ਹੈ। ਭਾਰਤ ਦੀ ਆਜ਼ਾਦੀ ਪੰਜਾਬੀ ਮਨ ਨੂੰ ਉਹ ਸੰਤੁਸ਼ਟੀ ਨਾ ਦੇ ਸਕੀ ਜਿਸ ਦੀ ਕਲਪਨਾ ਕੀਤੀ ਗਈ ਸੀ। ਸਿੱਖ ਦ੍ਰਿਸ਼ਟੀ, ਜਿਹੜੀ ਧਰਮ ਦੇ ਆਧਾਰ ਤੇ ਹਿੰਦੂ ਤੇ ਮੁਸਲਿਮ ਧਿਰਾਂ ਤੋਂ ਬਾਅਦ ਤੀਜੀ ਅਹਿਮ ਧਿਰ ਦੀ ਵਿਚਾਰਧਾਰਕ ਦ੍ਰਿਸ਼ਟੀ ਸੀ, ਤੋਂ ਵੇਖਿਆਂ ਸਿੱਖਾਂ ਨੂੰ ਭਾਰਤੀ ਰਾਜਸੀ ਸੱਤਾ ਦਾ ਤੀਜਾ ਹਿੱਸਾ ਪ੍ਰਾਪਤ ਹੋਣ ਦੇ ਕੋਈ ਆਸਾਰ ਨਹੀਂ ਸਨ। ਧਰਮ-ਨਿਰਪੱਖ ਦ੍ਰਿਸ਼ਟੀ, ਜਿਸ ਦਾ ਹਮਾਇਤੀ ਖੱਬੇ-ਪੱਖੀ ਵਿਚਾਰਧਾਰਾ ਵਾਲਾ ਵਰਗ ਸੀ, ਅਨੁਸਾਰ ਇਹ ਅਧੂਰੀ ਆਜ਼ਾਦੀ ਸੀ ਕਿਉਂਕਿ ਸੱਤਾਵਾਨ ਭਾਰਤੀ ਬੁਰਜੁਆਜ਼ੀ ਦਾ ਖਾਸਾ ਵੀ ਅੰਗਰੇਜ਼ੀ ਬੁਰਜੁਆਜ਼ੀ ਤੋਂ ਬਹੁਤਾ ਵੱਖਰਾ ਨਹੀਂ ਸੀ। ਇਸ ਦੇ ਹੁੰਦਿਆਂ ਦੇਸ਼ ਵਿਚ ਸਮਾਜਵਾਦੀ ਪ੍ਰਬੰਧ ਦੀ ਸਥਾਪਨਾ ਦਾ ਸੁਪਨਾ ਪੂਰਾ ਹੋਣ ਦੇ ਆਸਾਰ ਨਹੀਂ ਰਹੇ ਸਨ।26 ਇਸ ਲਈ ਆਜ਼ਾਦੀ ਦੇ ਪੰਧ ਉਤੇ ਪੈਣ ਦੇ ਮੁਢਲੇ ਸਾਲਾਂ ਵਿਚ ਹੀ ਅਕਾਲੀ ਪਾਰਟੀ ਵਲੋਂ ਪੰਜਾਬੀ ਸੂਬੇ ਦਾ ਮੋਰਚਾ ਸ਼ੁਰੂ ਹੋ ਗਿਆ ਅਤੇ ਆਜ਼ਾਦੀ ਤੋਂ ਦੋ ਕੁ ਦਹਾਕੇ ਪਿੱਛੋਂ ਕਮਿਊਨਿਸਟ ਪਾਰਟੀਆਂ ਦੇ ਅਤਿ ਖੱਬੇ-ਪੱਖੀ ਵਰਗ ਵੱਲੋਂ ਨਕਸਲਬਾੜੀ ਲਹਿਰ ਸਾਹਮਣੇ ਆ ਗਈ। ਇਸ ਲਹਿਰ ਦੇ ਮੱਧਮ ਪੈਂਦਿਆਂ ਸਾਰ ਹੀ ਫਿਰ ਸਿੱਖ ਖਾੜਕੂਵਾਦ ਨੇ ਕੇਂਦਰ ਸਰਕਾਰ ਵਿਰੁੱਧ ਹਥਿਆਰ ਉਠਾ ਲਏ।27

ਉਪਰੋਕਤ ਪ੍ਰਸਥਿਤੀਆਂ ਦੇ ਸੰਦਰਭ ਵਿਚ 1947 ਈ. ਤੋਂ ਬਾਅਦ ਵਿਚਾਰਧਾਰਕ ਤੌਰ ਤੇ ਪੰਜਾਬੀ ਬਿਰਤਾਂਤਕ ਪ੍ਰਵਚਨ ਦੇ ਪ੍ਰਮੁੱਖ ਤਿੰਨ ਰੁਝਾਨ ਮਿਲਦੇ ਹਨ; ਪਹਿਲਾ ਆਜ਼ਾਦ ਭਾਰਤ ਅਤੇ ਆਧੁਨਿਕ ਚਿੰਤਨ ਨੂੰ ਮਨੁੱਖੀ ਸੁਤੰਤਰਤਾ ਦਾ ਪ੍ਰਵਕਤਾ ਮੰਨ ਕੇ ਹੁਲਾਸ ਦੀ ਭਾਵਨਾ ਦਾ ਪ੍ਰਗਟਾਵਾ ਕਰਨ ਵਾਲਾ ਹੈ, ਦੂਜਾ ਭਾਰਤ ਦੀ ਅਧੂਰੀ ਆਜ਼ਾਦੀ ਅਤੇ ਆਧੁਨਿਕ ਚਿੰਤਨ ਨੂੰ ਭਾਰਤੀ ਬੁਰਜੁਆਜ਼ੀ ਦਾ ਹੱਥਠੋਕਾ ਮੰਨਦਿਆਂ ਬੇਚੈਨੀ ਅਤੇ ਰੋਹ ਦਾ ਪ੍ਰਗਟਾਵਾ ਕਰਨ ਵਾਲਾ ਹੈ ਅਤੇ ਤੀਜਾ ਮੱਤ ਭਾਰਤ ਦੀ ਆਜ਼ਾਦੀ ਅਤੇ ਆਧੁਨਿਕ ਚਿੰਤਨ ਨੂੰ ਨਕਾਰਨ ਜਾਂ ਸਵੀਕਾਰਨ ਤੋਂ ਨਿਰਪੇਖ ਰਹਿੰਦਿਆਂ ਨਵੇਂ ਵਿਸ਼ਵ-ਸੰਦਰਭ ਵਿਚ ਮਨੁੱਖ ਦੇ ਅਸਤਿਤਵੀ ਸਰੋਕਾਰਾਂ ਦਾ ਪ੍ਰਗਟਾਵਾ ਕਰਨ ਵਾਲਾ ਹੈ। ਸਮੀਖਿਆ ਦੀ ਭਾਸ਼ਾ ਵਿਚ ਪਹਿਲੇ ਰੁਝਾਨ ਨੂੰ ਆਧੁਨਿਕਮੁਖੀ ਮਾਨਵਵਾਦੀ, ਦੂਜੇ ਨੂੰ ਪ੍ਰਗਤੀਵਾਦੀ ਅਤੇ ਤੀਜੇ ਨੂੰ ਅਸਤਿਤਵਵਾਦੀ ਕਿਹਾ ਜਾ ਸਕਦਾ ਹੈ।

ਆਜ਼ਾਦੀ ਤੋਂ ਤੁਰੰਤ ਬਾਅਦ ਪੰਜਾਬ ਦੇ ਵਿਭਿੰਨ ਵਰਗਾਂ ਵਿਚ ਜੋ ਅਸੰਤੁਸ਼ਟੀ ਦੀ ਭਾਵਨਾ ਪੈਦਾ ਹੋਈ, ਨੂੰ ਜੇ ਪਲ-ਭਰ ਲਈ ਅੱਖੋਂ-ਪਰੋਖੇ ਕਰ ਦੇਈਏ ਤਾਂ ਇਹ ਗੱਲ ਕਹੀ ਜਾ ਸਕਦੀ ਹੈ ਕਿ ਆਜ਼ਾਦੀ ਨੇ ਸਮੁੱਚੇ ਭਾਰਤ ਨੂੰ ਇਕ ਅਜਿਹਾ ਸੁਪਨਾ ਦਿੱਤਾ ਜਿਸ ਵਿਚੋਂ ਵਿਕਾਸਮੁਖੀ ਆਧੁਨਿਕ ਸਮਾਜ ਦਾ ਲੁਭਾਇਮਾਨ ਮੁਹਾਂਦਰਾ ਨਜ਼ਰ ਆਉਂਦਾ ਸੀ। ਜੋ ਸੰਵਿਧਾਨ ਤਿਆਰ ਕੀਤਾ ਗਿਆ ਉਸ ਵਿਚ ਭਾਰਤ ਦੀ ਸਮਾਨਯ ਰੂਪ 'ਚ ਉਨਤੀ ਵਾਸਤੇ ਅਜਿਹੇ ਫੈਸਲੇ ਲਏ ਗਏ ਸਨ, "ਆਜ਼ਾਦੀ ਮਿਲਨ ਉਪਰੰਤ ਭਾਰਤ ਵਿਚ ਕਈ ਤਬਦੀਲੀਆਂ ਆਈਆਂ ਹਨ। ਆਜ਼ਾਦ ਦੇਸ਼ ਦੇ ਆਗੂਆਂ ਦਾ ਭਾਰਤ ਨੂੰ ਇਕ ਆਧੁਨਿਕ ਸਮਾਜ ਬਨਾਉਣ ਦਾ ਜਜ਼ਬਾ ਸੀ। ਇਸਦੇ ਨਤੀਜੇ ਵਜੋਂ ਭਾਰਤੀ ਸੰਵਿਧਾਨ ਵਿਚ ਆਧੁਨਿਕ ਕਦਰਾਂ-ਕੀਮਤਾਂ ਦੇ ਆਧਾਰ ਤੇ ਇਕ ਲੋਕ-ਰਾਜੀ, ਸਮਾਜਿਕ ਸਮਤਾ ਅਤੇ ਗੈਰ-ਵਿਤਰੇਕਵਾਦੀ ਸਮਾਜ ਨੂੰ ਸੰਕਲਪ ਵਿਚ ਲਿਆਂਦਾ ਗਿਆ। ਇਸ ਲਈ ਛੂਤ-ਛਾਤ ਨੂੰ ਕਾਨੂੰਨੀ ਤੌਰ ਤੇ ਖਤਮ ਕੀਤਾ ਅਤੇ ਸਮਾਜ ਦੇ ਦੱਬੇ-ਕੁਚਲੇ ਵਰਗਾਂ ਨੂੰ ਉਪਰ ਚੁੱਕਣ ਲਈ ਰਾਖਵੇਂਕਰਨ ਦੀ ਨੀਤੀ ਨੂੰ ਅਪਣਾਇਆ ਗਿਆ। ਇਸੇ ਤਰ੍ਹਾਂ ਭੂਮੀ ਸੁਧਾਰ ਨਾਲ ਸੰਬੰਧਿਤ ਕਾਨੂੰਨ ਪਾਸ ਕੀਤੇ ਜਿਸ ਵਿਚ ਮੁਜ਼ਾਰਿਆਂ ਨੂੰ ਹੱਕ ਦਿੱਤੇ ਗਏ। ਵਿਦਿਆ ਨੂੰ ਇਕ ਸਰਬਵਿਆਪੀ ਜ਼ਰੂਰਤ ਦੇ ਤੌਰ ਤੇ ਪਛਾਣ ਦਿੱਤੀ। ਮੁਢਲੀ ਸਿੱਖਿਆ ਨੂੰ ਜ਼ਰੂਰੀ ਬਣਾਇਆ ਗਿਆ। ਬਹੁਤ ਸਾਰੇ ਵਿਕਾਸ ਦੇ ਕੰਮਾਂ ਨੂੰ ਆਰੰਭਿਆ ਗਿਆ। ਸੰਚਾਰ ਅਤੇ ਆਵਾਜਾਈ ਦੇ ਸਾਧਨਾਂ ਨੂੰ ਵਿਕਸਤ ਕੀਤਾ ਗਿਆ। ਸਿੰਚਾਈ ਲਈ ਨਹਿਰਾਂ ਕੱਢੀਆਂ ਗਈਆਂ। ਪੰਜਾਬ ਇਸ ਵਿਕਾਸ ਦੇ ਰਸਤੇ ਭਾਰਤ ਦੇ ਦੂਸਰੇ ਪ੍ਰਾਂਤਾਂ ਦੇ ਨਾਲ ਹੀ ਚੱਲਿਆ।"28

ਆਧੁਨਿਕ ਲੀਹਾਂ ਉਤੇ ਹੋਣ ਵਾਲੇ ਅਜਿਹੇ ਵਿਕਾਸ ਦਾ ਹੁਲਾਸ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਬਹੁਤ ਉਘੜਵਾਂ ਹੈ। ਭਾਵੇਂ ਕਹਾਣੀਕਾਰ ਨੂੰ ਪੰਜਾਬ ਦੀ ਵੰਡ ਦੇ ਦੁਖਾਂਤ ਦਾ ਹਿਰਦੇਵੇਧਕ ਬੋਧ ਹੈ ਅਤੇ ਨਾਲ ਹੀ ਸਾਂਝੇ ਪੰਜਾਬੀ ਸਭਿਆਚਾਰ ਦੀਆਂ ਕੁਝ ਉਸਾਰੂ ਸਾਮੰਤੀ ਕਦਰਾਂ-ਕੀਮਤਾਂ ਦੇ ਖੁੱਸ ਜਾਣ ਦਾ ਵਿਗੋਚਾ ਵੀ ਹੈ ਪਰ ਮਨੁੱਖੀ ਵਿਵਹਾਰ ਵਿਚ ਆਧੁਨਿਕ ਚੇਤਨਾ ਦੇ ਪਾਸਾਰ ਦਾ ਹੁਲਾਸ ਉਸ ਦੁਖਾਂਤ ਅਤੇ ਵਿਗੋਚੇ ਤੋਂ ਕਿਤੇ ਤੀਬਰ ਹੈ। ਇਸੇ ਲਈ ਕੁਲਵੰਤ ਸਿੰਘ ਵਿਰਕ ਨੂੰ "ਨਵੇਂ ਲੋਕਾਂ" ਦਾ ਕਹਾਣੀਕਾਰ ਵੀ ਕਿਹਾ ਜਾਂਦਾ ਹੈ। ਵਿਰਕ ਦੀਆਂ ਦਰਜਨਾਂ ਕਹਾਣੀਆਂ ਤੂੜੀ ਦੀ ਪੰਡ, ਉਜਾੜ, ਨਵੇਂ ਲੋਕ ਆਦਿ ਦੇ ਵਸਤੂ-ਵੇਰਵਿਆਂ ਨੂੰ ਆਧੁਨਿਕ ਚੇਤਨਾ ਦੇ ਵਿਭਿੰਨ ਪਾਸਾਰਾਂ ਪ੍ਰਤੀ ਹੁਲਾਸ ਦਰਸਾਉਣ ਦੀ ਗਵਾਹੀ ਹਿਤ ਵਰਤਿਆ ਜਾ ਸਕਦਾ ਹੈ। ਮਿਸਾਲ ਵਜੋਂ ਉਸ ਦੀ ਕਹਾਣੀ 'ਸ਼ੇਰਨੀਆਂ'29 ਵਿਚ ਦੋ ਕੁੜੀਆਂ ਰਾਤ ਦੇ ਹਨੇਰੇ ਵਿਚ ਚੋਰੀ ਚੋਰੀ ਸਾਈਕਲ ਸਿੱਖ ਰਹੀਆਂ ਹਨ। ਉਨ੍ਹਾਂ ਨੂੰ ਸਕੂਲ ਵਿਚ ਪੜ੍ਹਾਉਣ ਦੀ ਨਵੀਂ ਨਵੀਂ ਨੌਕਰੀ ਮਿਲੀ ਹੈ। ਇਕ ਜਾਣੂ ਔਰਤ ਦੇ ਪੁੱਛਣ ਉਤੇ ਜਦੋਂ ਉਹ ਕੁੜੀਆਂ ਸਾਈਕਲ ਦੀ ਸਵਾਰੀ ਦੇ ਫਾਇਦੇ ਦਸਦੀਆਂ ਹਨ ਤਾਂ ਸੁਣ ਕੇ ਔਰਤ ਨੂੰ ਉਨ੍ਹਾਂ ਵਿਚ ਵਿਦਿਆ ਨਾਲ ਪੈਦੇ ਹੋ ਰਹੇ ਨਵੇਂ ਉਤਸ਼ਾਹ, ਉਦਮ ਅਤੇ ਨਿਡਰਤਾ ਦੇ ਭਰਵੇਂ ਨਮੂਨੇ ਮਿਲ ਜਾਂਦੇ ਹਨ। ਉਨ੍ਹਾਂ ਤੋਂ ਪ੍ਰੇਰਿਤ ਹੋ ਕੇ ਰਤਾ ਕੁ ਪੁਰਾਣੇ ਖਿਆਲਾਂ ਦੀ ਉਹ ਜਾਣੂ ਔਰਤ ਬੜੇ ਹੁਲਾਸ ਨਾਲ ਆਖਦੀ ਹੈ : "ਤੁਸੀਂ ਤੇ ਸ਼ੇਰਨੀਆਂ ਓ, ਖੌਰੇ ਕਿੱਡਾ ਕੁ ਦਿਲ ਏ ਤੁਹਾਡਾ।...ਬੜੀਆਂ ਬਹਾਦਰ ਨੇ ਇਹ ਕੁੜੀਆਂ।"

ਭਾਰਤ ਦੀ ਆਜ਼ਾਦੀ ਤੋਂ ਬਾਅਦ ਪੈਦਾ ਹੋਏ ਨਵੇਂ ਦ੍ਰਿਸ਼ ਨੂੰ ਕਹਾਣੀ 'ਨਮਸਕਾਰ'30 ਵਿਚ ਇਕ ਅੰਗਰੇਜ਼ ਫੌਜੀ ਅਫ਼ਸਰ ਮਲਿੰਗਟਨ ਦੀ ਨਜ਼ਰ ਨਾਲ ਇਸ ਤਰ੍ਹਾਂ ਵੇਖਿਆ ਗਿਆ ਹੈ ਕਿ ਸੱਚਮੁਚ ਹੀ ਅੱਗੇ ਵਧ ਰਹੇ ਨਵੇਂ "ਭਾਰਤ ਦੀ ਆਤਮਾ ਦੀ ਟੋਹ" ਲੱਗ ਜਾਂਦੀ ਹੈ। ਕਹਾਣੀ ਦਾ ਬਿਰਤਾਂਤਕਾਰ ਦੂਜੀ ਵਿਸ਼ਵ ਜੰਗ ਵੇਲੇ ਫੌਜ ਵਿਚ ਅਫ਼ਸਰ ਲੱਗ ਜਾਂਦਾ ਹੈ। ਉਸ ਦੀ ਸਾਂਝ ਆਪਣੇ ਇਕ ਸਹਿਕਰਮੀ ਅਫ਼ਸਰ ਮਲਿੰਗਟਨ ਨਾਲ ਵਧ ਜਾਂਦੀ ਹੈ। ਮਲਿੰਗਟਨ ਅਸਲ ਵਿਚ ਅੰਗਰੇਜ਼ ਅਫ਼ਸਰਾਂ ਵਾਲੀ ਹੈਂਕੜ ਤੋਂ ਮੁਕਤ ਅਤੇ ਭਾਰਤ ਨੂੰ ਹਮਦਰਦੀ ਦੀ ਨਜ਼ਰ ਨਾਲ ਵੇਖਣ ਵਾਲਾ ਉਦਾਰਦਿਲ ਅੰਗਰੇਜ਼ ਹੈ ਇਸ ਲਈ ਉਹ ਬਸਤੀਵਾਦੀ ਦ੍ਰਿਸ਼ਟੀ ਤੋਂ ਮੁਕਤ ਹੈ। ਉਸ ਨੂੰ ਭਾਰਤ ਦਾ ਕੋਈ ਦ੍ਰਿਸ਼ ਜਾਂ ਵਰਤਾਰਾ ਜਦੋਂ ਬਹੁਤ ਚੰਗਾ ਲਗਦਾ ਹੈ ਤਾਂ ਉਹ ਸੁਭਾਵਕ ਹੀ ਉਸ ਨੂੰ ਨਮਸਕਾਰ ਕਰ ਦਿੰਦਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਮਲਿੰਗਟਨ, ਜੋ ਕੈਂਬਰਿਜ ਯੂਨੀਵਰਸਿਟੀ ਵਿਚ ਧਰਮ ਅਤੇ ਦਰਸ਼ਨ ਦਾ ਵਿਦਿਆਰਥੀ ਰਿਹਾ ਸੀ, ਨੂੰ ਭਾਰਤ ਦੀ ਪ੍ਰਕਿਰਤੀ, ਸੰਸਕ੍ਰਿਤੀ ਅਤੇ ਵਿਕਾਸ ਨਾਲ ਦਿਲੀ ਸਨੇਹ ਹੈ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਮਲਿੰਗਟਨ "ਨਵੇਂ ਭਾਰਤ ਦੀ ਨਬਜ਼ ਵੇਖਣ" ਇਥੇ ਆਉਂਦਾ ਹੈ। ਬਿਰਤਾਂਤਕਾਰ ਉਸ ਨੂੰ ਭਾਖੜਾ ਨੰਗਲ ਅਤੇ ਚੰਡੀਗੜ੍ਹ ਆਦਿ ਵਿਖਾ ਕੇ ਨਵੇਂ ਪੰਜਾਬ/ਭਾਰਤ ਦਾ ਨਵਾਂ ਮੁਹਾਂਦਰਾ ਵਿਖਾਉਣਾ ਚਾਹੁੰਦਾ ਹੈ ਪਰ ਮਲਿੰਗਟਨ ਦੀ ਇਨ੍ਹਾਂ ਨਾਲੋਂ ਵਧੇਰੇ ਦਿਲਚਸਪੀ ਉਸ ਨਵੀਂ ਚੇਤਨਾ ਨੂੰ ਮਹਿਸੂਸਣ ਵਿਚ ਹੈ ਜਿਹੜੀ ਆਜ਼ਾਦੀ ਤੋਂ ਬਾਅਦ ਪੈਦਾ ਹੋਈ ਹੈ। ਇਕ ਦਿਨ ਅਚਨਚੇਤੀ ਬਿਰਤਾਂਤਕਾਰ ਨੂੰ ਸ਼ਹਿਰ ਦੇ

ਚੌਂਕ ਵਿਚ ਖੜ੍ਹੀ ਆਪਣੀ ਇਕ ਵਾਕਫ਼ਕਾਰ ਡਾਕਟਰ ਮਿਲ ਜਾਂਦੀ ਹੈ। ਮਲਿੰਗਟਨ ਵੀ ਉਸ ਬਾਰੇ ਜਾਨਣ 'ਚ ਰੁਚੀ ਲੈਂਦਾ ਹੈ। ਉਹ ਦਸਦੀ ਹੈ ਕਿ ਉਸ ਨੇ ਸ਼ਹਿਰ ਦੀ ਥਾਂ ਆਪਣੇ ਪੇਂਡੂ ਇਲਾਕੇ ਵਿਚ ਜਾ ਕੇ ਡਾਕਟਰੀ ਦਾ ਕੰਮ ਸ਼ੁਰੂ ਕੀਤਾ ਹੈ। ਇਸ ਦੀ ਵਜ੍ਹਾ ਪੁੱਛਣ ਤੇ ਉਹ ਕਹਿੰਦੀ ਹੈ, "ਏਥੇ ਕੁਝ ਮਸ਼ੀਨੀ ਜਿਹਾ ਕੰਮ ਲਗਦਾ ਸੀ। ਡਾਕਟਰ ਬੱਸ ਇਕ ਰੋਗ ਹਟਾਣ ਦੀ ਇਕ ਮਸ਼ੀਨ ਹੈ। ਪੈਸੇ ਦਿਓ ਰੋਗ ਹਟਵਾ ਲਓ।...ਪਰ ਗੱਲ ਹੋਰ ਈ ਏ...। ਕਦੀ ਕਦੀ ਤਾਂ ਮੈਨੂੰ ਇਸ ਤਰ੍ਹਾਂ ਲਗਦਾ ਏ ਜਿਵੇਂ ਮੈਂ ਆਪਣੇ ਪਿੰਡਾਂ ਵਿਚ ਆਪਣੇ ਤਰੀਕੇ ਨਾਲ ਫਿਰ ਕੇ ਉਥੋਂ ਦੀਆਂ ਔਰਤਾਂ ਵਿਚ ਜਾਨ ਪਾ ਰਹੀ ਹੋਵਾਂ। ਜਿਵੇਂ ਉਨ੍ਹਾਂ ਲਈ ਜਿਊਣ ਦਾ ਰਾਹ ਖੋਹਲ ਰਹੀ ਹੋਵਾਂ।" ਆਪਣੀ ਗੱਲ ਨੂੰ ਹੋਰ ਸਪੱਸ਼ਟ ਕਰਦਿਆਂ ਉਹ ਆਖਦੀ ਹੈ, "ਤੁਹਾਡੇ ਅੰਗਰੇਜ਼ਾਂ ਲਈ ਇਹ ਗੱਲ ਅਸਚਰਜ ਹੋਵੇਗੀ। ਪਰ ਇਥੇ ਸਹੀ ਏ। ਜਦੋਂ ਇਕ ਇਸਤਰੀ ਜਿਥੇ ਚਾਹੇ ਫਿਰਦੀ ਹੈ, ਜਿਸ ਤਰ੍ਹਾਂ ਦੇ ਚਾਹੇ ਕੱਪੜੇ ਪਾਂਦੀ ਹੈ, ਜੋ ਚਾਹੇ ਕਰਦੀ ਹੈ ਤੇ ਫਿਰ ਵੀ ਆਦਰਯੋਗ ਰਹਿੰਦੀ ਹੈ ਤਾਂ ਇਹ ਗੱਲ ਲੋਕਾਂ ਦੇ ਮਨ ਵਿਚ ਬਹਿ ਜਾਂਦੀ ਹੈ। ਉਨ੍ਹਾਂ ਦੀ ਇਕ ਧੀ ਕੋਲ ਉਚੀ ਵਿਦਿਆ ਹੈ, ਜਿਸ ਨੂੰ ਲੈ ਕੇ ਉਹ ਉਨ੍ਹਾਂ ਦੇ ਭਲੇ ਲਈ ਪਿੰਡ ਪਿੰਡ ਫਿਰ ਰਹੀ ਹੈ ਤਾਂ ਫਿਰ ਉਸ ਨਾਲੋਂ ਵੱਧ ਸਤਿਕਾਰਯੋਗ ਕੌਣ ਹੈ ੧੯ ਮੇਰੀ ਸ਼ਕਲ ਇਲਾਕੇ ਦੇ ਹਰ ਬੰਦੇ ਤੇ ਹਰ ਜਨਾਨੀ ਦੇ ਸਾਹਮਣੇ ਹੈ। ਹੋਰ ਜਨਾਨੀਆਂ ਨੂੰ ਕਿਹੋ ਜਿਹਾ ਜੀਵਨ ਮਿਲਨਾ ਚਾਹੀਦਾ ਹੈ ਇਹ ਮਿਥਣ ਵਿਚ, ਮੈਂ ਕਹਿੰਦੀ ਹਾਂ, ਮੇਰੀ ਇਸ ਮੂਰਤ ਦਾ ਹਿੱਸਾ ਹੈ।"

ਉਸ ਡਾਕਟਰ ਦੇ ਵਿਚਾਰ ਸੁਣ ਕੇ ਮਲਿੰਗਟਨ ਬਹੁਤ ਪ੍ਰਭਾਵਿਤ ਹੁੰਦਾ ਹੈ ਅਤੇ ਨਮਸਕਾਰ ਕਰਦਾ ਹੈ। ਬਿਰਤਾਂਤਕਾਰ ਦੇ ਇਹ ਪੁੱਛਣ ਤੇ ਕਿ ਉਹ (ਮਲਿੰਗਟਨ) ਜਦ ਕਿਸੇ ਵੀ ਪ੍ਰਾਣੀ ਨੂੰ ਨਮਸਕਾਰ ਨਹੀਂ ਕਰਦਾ ਤਾਂ ਫਿਰ ਡਾਕਟਰ ਨੂੰ ਕਿਉਂ ਕੀਤੀ ਹੈ, ਤਾਂ ਜਵਾਬ ਵਿਚ ਮਲਿੰਗਟਨ ਆਖਦਾ ਹੈ, "ਨਹੀਂ; ਇਹ ਕੋਈ ਇਕੱਲਾ ਪ੍ਰਾਣੀ ਨਹੀਂ ਹੈ। ਇਹ ਤੇ ਇਕ ਲਹਿਰ ਵਾਂਗ ਹੈ, ਇਕ ਹਵਾ ਹੈ, ਇਕ ਰੰਗ ਹੈ। ਅਸਲ ਵਿਚ ਇਹੀ ਤੁਹਾਡਾ ਨਵਾਂ ਭਾਰਤ ਹੈ।"

ਬਿਰਤਾਂਤਕਾਰ ਕੁਲਵੰਤ ਸਿੰਘ ਵਿਰਕ ਦੇ ਵਿਚਾਰਧਾਰਕ ਝੁਕਾਅ ਦੀ ਪੁਸ਼ਟੀ ਲਈ ਕਹਾਣੀ ਸਿੱਧੇ ਉਚਾਰ ਵਜੋਂ ਵੀ ਇਕ ਕਥਨ ਅੰਕਿਤ ਕਰਦੀ ਹੈ, "ਨਵਾਂ ਜੰਮਿਆਂ ਭਾਰਤ ਹੌਲੀ ਹੌਲੀ ਰਿੜ੍ਹਨ ਲੱਗ ਪਿਆ ਹੈ। ਇਹ ਆਸ ਬਣਨ ਲੱਗੀ ਹੈ ਕਿ ਕਿਸੇ ਦਿਨ ਨੂੰ ਇਹ ਉਠ ਕੇ ਖਲੋ ਜਾਏਗਾ ਤੇ ਫਿਰ ਟੁਰ ਕੇ ਜਾਂ ਭੱਜ ਕੇ ਦੂਜੇ ਦੇਸ਼ਾਂ ਦੇ ਨਾਲ ਜਾ ਰਲੇਗਾ।"

ਆਜ਼ਾਦ ਭਾਰਤ ਵਿਚ ਆਧੁਨਿਕ ਚੇਤਨਾ ਦੇ ਵਿਕਾਸ ਪ੍ਰਤੀ ਇਕ ਡੂੰਘੀ ਆਸਥਾ ਅਤੇ ਹੁਲਾਸ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦੀ ਕੇਂਦਰੀ ਧੁਨੀ ਹੈ। ਕਹਾਣੀ 'ਨਮਸਕਾਰ' ਦੇ ਹਵਾਲੇ ਨਾਲ ਹੀ ਕਹਿਣਾ ਹੋਵੇ ਤਾਂ ਆਜ਼ਾਦੀ ਨਾਲ ਬਣੇ ਨਵੇਂ ਮਾਹੌਲ ਨਾਲ ਉਸ ਅੱਧੀ ਵਸੋਂ (ਨਾਰੀ ਵਰਗ) ਨੇ ਵੀ ਉਤਸ਼ਾਹ ਨਾਲ ਅੰਗੜਾਈ ਲਈ ਜਿਹੜੀ ਪੂਰੇ ਮੱਧਕਾਲੀਨ ਅਤੇ ਮੁਢਲੇ ਆਧੁਨਿਕ ਕਾਲ ਵਿਚ ਖਾਮੋਸ਼ੀ ਦੀ ਦਲਦਲ ਵਿਚ ਧਸੀ ਨਜ਼ਰ ਆਉਂਦੀ ਸੀ। ਇਹ ਗੱਲ ਕਹਾਣੀਕਾਰ ਅੰਦਰ ਹੁਲਾਸ ਪੈਦਾ ਕਰਦੀ ਹੈ। ਕਹਾਣੀ 'ਤੂੜੀ ਦੀ ਪੰਡ', 'ਉਜਾੜ', 'ਨਵੇਂ ਲੋਕ' ਆਦਿ ਵਿਚ ਵੀ ਇਕ ਹਾਂ-ਪੱਖੀ ਪਰਿਵਰਤਨ ਦੀ ਗੂੰਜ ਦੂਰ ਤੱਕ ਸੁਣਾਈ ਦਿੰਦੀ ਹੈ। ਸਾਮੰਤਵਾਦੀ ਅੰਧਵਿਸ਼ਵਾਸੀ ਰੂੜ੍ਹੀਵਾਦ ਦੀ ਥਾਂ ਤਰਕਮਈ ਨਵੀਂ ਸੋਚ, ਤਾਨਾਸ਼ਾਹੀ ਹੈਂਕੜ ਦੀ ਥਾਂ ਲੋਕਰਾਜੀ ਕਦਰਾਂ-ਕੀਮਤਾਂ ਦੀ ਚੜ੍ਹਤ ਅਤੇ ਬੰਦ ਸਮਾਜ ਦੀ ਥਾਂ ਖੁੱਲ੍ਹੇ-ਡੁੱਲ੍ਹੇ ਮਾਹੌਲ ਦੀ ਪ੍ਰੋੜਤਾ ਕਰਦੀਆਂ ਇਹ ਕਹਾਣੀਆਂ ਆਧੁਨਿਕਮੁਖੀ ਭਵਿੱਖਮੁਖੀ ਮਾਨਵਵਾਦ ਨੂੰ ਦ੍ਰਿੜ ਕਰਨ ਵਾਲੀਆਂ ਹਨ।

ਕੁਲਵੰਤ ਸਿੰਘ ਵਿਰਕ ਦੇ ਸਮਕਾਲੀ ਅਤੇ ਉਤਰਕਾਲੀ ਅਜਿਹੇ ਭਾਵ-ਬੋਧ ਵਾਲੇ ਬਿਰਤਾਂਤਕਾਰਾਂ ਵਿਚ ਗੁਲਜ਼ਾਰ ਸਿੰਘ ਸੰਧੂ, ਅਜੀਤ ਕੌਰ, ਬਚਿੰਤ ਕੌਰ, ਗੁਰਦੇਵ ਰੁਪਾਣਾ ਆਦਿ ਬਹੁਤ ਸਾਰੇ ਨਾਂ ਹੋਰ ਸ਼ਾਮਿਲ ਹੋ ਜਾਂਦੇ ਹਨ ਜਿਨ੍ਹਾਂ ਦੀਆਂ ਰਚਨਾਵਾਂ ਵਿਚ ਆਧੁਨਿਕ ਭਾਵ-ਬੋਧ ਨੂੰ ਨਵੇਂ ਮਨੁੱਖ ਦੀ ਸਿਰਜਣਾ ਦਾ ਪ੍ਰੇਰਕ ਮੰਨਦਿਆਂ ਉਸ ਪ੍ਰਤੀ ਆਦਰਭਾਵੀ ਦ੍ਰਿਸ਼ਟੀ ਅਪਣਾਈ ਗਈ ਮਿਲਦੀ ਹੈ।

ਪ੍ਰਗਤੀਵਾਦੀ ਪੰਜਾਬੀ ਬਿਰਤਾਂਤਕ ਪ੍ਰਵਚਨ ਦਾ ਵਿਚਾਰਧਾਰਕ ਪ੍ਰੇਰਕ ਮੂਲ ਰੂਪ ਵਿਚ ਮਾਰਕਸਵਾਦੀ ਫ਼ਲਸਫ਼ਾ ਦਵੰਦਾਤਮਕ-ਇਤਿਹਾਸਕ ਭੌਤਿਕਵਾਦ ਬਣਦਾ ਹੈ। ਰੂਸ ਦੀ 1917 ਈ. ਵਾਲੀ ਅਤੇ ਚੀਨ ਦੀ 1949 ਵਾਲੀ ਸਮਾਜਵਾਦੀ ਕ੍ਰਾਂਤੀ ਵਿਵਹਾਰਕ ਤੌਰ ਤੇ ਸਮਾਜਵਾਦ ਦੇ ਸੁਪਨੇ ਨੂੰ ਵਿਸ਼ਵ-ਭਰ ਵਿਚ ਉਭਾਰਦੀਆਂ ਹਨ। ਪੰਜਾਬ ਵਿਚ ਵੀ ਕਮਿਊਨਿਸਟ ਲਹਿਰ ਦਾ ਪ੍ਰਭਾਵ ਵੀਹਵੀਂ ਸਦੀ ਦੇ ਦੂਜੇ ਦਹਾਕੇ ਤੋਂ ਹੀ ਗਦਰ ਲਹਿਰ ਅਤੇ ਕਿਰਤੀ-ਕਿਸਾਨ ਲਹਿਰ ਦੇ ਰੂਪ 'ਚ ਨਜ਼ਰ ਆਉਣ ਲੱਗ ਪਿਆ ਸੀ ਪਰ 1936 ਤੋਂ ਬਾਅਦ ਪ੍ਰਗਤੀਵਾਦੀ

ਰਚਨਾ-ਦ੍ਰਿਸ਼ਟੀ ਪ੍ਰਧਾਨ ਰੂਪ 'ਚ ਪੰਜਾਬੀ ਸਾਹਿਤ ਦੀ ਸੰਚਾਲਕ ਹੋ ਨਿਬੜੀ। "ਪੰਜਾਬੀ ਵਿਚ ਪ੍ਰਗਤੀਵਾਦੀ ਕਾਵਿ-ਪ੍ਰਵਿਰਤੀ ਦੀ ਵਿਕਾਸ ਰੇਖਾ ਨੂੰ ਆਮ ਤੌਰ ਤੇ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ। 1935 ਤੋਂ 1960 ਤੱਕ ਪ੍ਰਗਤੀਵਾਦੀ ਤੇ 1970 ਤੋਂ ਬਾਅਦ ਦੇ ਸਮੇਂ ਨੂੰ ਨਵ-ਪ੍ਰਗਤੀਵਾਦੀ ਜਾਂ ਜੁਝਾਰਵਾਦੀ ਦਾ ਨਾਂ ਦਿੱਤਾ ਗਿਆ ਹੈ।"31

1947 ਤੱਕ ਪ੍ਰਗਤੀਵਾਦੀ ਬਿਰਤਾਂਤਕ ਪ੍ਰਵਚਨ ਭਾਰਤ ਦੇ ਸੁਤੰਤਰਤਾ ਸੰਗਰਾਮ ਨਾਲ ਇਕਸੁਰ ਹੋ ਕੇ ਚਲਦਾ ਹੈ। ਇਸ ਲਈ ਸਾਮੰਤਵਾਦੀ ਰੂੜ੍ਹੀਵਾਦੀ ਕਦਰਾਂ-ਕੀਮਤਾਂ ਦਾ ਨਕਾਰਨ, ਬਸਤੀਵਾਦੀ ਸਾਮਰਾਜ ਦੀਆਂ ਦਮਨਕਾਰੀ ਨੀਤੀਆਂ ਦਾ ਖੰਡਨ, ਪੂਰਨ ਆਜ਼ਾਦੀ ਅਤੇ ਸਮਾਜਵਾਦੀ ਮਨੁੱਖੀ ਚੇਤਨਾ ਦੀ ਉਸਾਰੀ ਇਸ ਬਿਰਤਾਂਤ ਦੇ ਪ੍ਰਮੁੱਖ ਉਦੇਸ਼ ਬਣੇ ਰਹਿੰਦੇ ਹਨ। ਅਜਿਹੇ ਉਦੇਸ਼ ਇਸਦੇ ਵਿਧੀ-ਵਿਧਾਨ ਨੂੰ ਰਾਸ਼ਟਰਵਾਦੀ ਕਾਂਗਰਸ ਪਾਰਟੀ ਤੋਂ ਪ੍ਰੇਰਿਤ ਬਿਰਤਾਂਤ ਨਾਲੋਂ ਵੱਖਰਾ ਕਰ ਦਿੰਦੇ ਹਨ। ਸਿੱਟੇ ਵਜੋਂ ਮਹਾਤਮਾ ਗਾਂਧੀ ਦੇ ਅਹਿੰਸਾਵਾਦੀ ਸੰਘਰਸ਼ ਅਤੇ ਰਾਸ਼ਟਰੀ ਬੁਰਜੁਆਜ਼ੀ ਦੇ ਪੂੰਜੀਵਾਦੀ ਦ੍ਰਿਸ਼ਟੀਕੋਣ ਨਾਲ ਪ੍ਰਗਤੀਵਾਦੀ ਬਿਰਤਾਂਤਕ-ਦ੍ਰਿਸ਼ਟੀ ਦਾ ਮੱਤਭੇਦ ਕਾਇਮ ਰਹਿੰਦਾ ਹੈ। ਪੰਜਾਬ ਵਿਚ ਭਗਤ ਸਿੰਘ ਦੀ ਅਗਵਾਈ ਵਾਲੀ ਨੌਜਵਾਨ ਸਭਾ ਦੀ ਕਾਰਜ-ਸ਼ੈਲੀ ਨਾਲ ਸਾਂਝ ਤੋਂ ਇਸ ਵੱਖਰਤਾ ਦਾ ਅਨੁਮਾਨ ਭਲੀ-ਭਾਂਤ ਹੋ ਜਾਂਦਾ ਹੈ।

ਪ੍ਰਗਤੀਵਾਦੀ ਵਿਚਾਰਧਾਰਾ ਦੇ ਸਮਰਥਕ ਭਾਰਤ ਦੀ ਆਜ਼ਾਦੀ ਦੀ ਲੜਾਈ ਨੂੰ ਸਮਾਜਵਾਦੀ ਕ੍ਰਾਂਤੀ ਦਾ ਰੂਪ ਦੇਣ ਵਿਚ ਸਫ਼ਲ ਨਾ ਹੋ ਸਕੇ। "ਸਮੁੱਚੇ ਤੌਰ ਤੇ ਆਜ਼ਾਦੀ ਪ੍ਰਾਪਤ ਕਰਨ ਤੱਕ ਪ੍ਰਗਤੀਵਾਦੀ ਲਹਿਰ, ਮਾਰਕਸਵਾਦੀ ਵਿਚਾਰਧਾਰਾ, ਲੋਕ-ਲਹਿਰਾਂ ਅਤੇ ਆਮ ਜਨਤਕ ਉਭਾਰ ਦੇ ਬਾਵਜੂਦ ਵਿਚਾਰਧਾਰਕ ਪਰਉਸਾਰ ਵਿਚ ਲੋਕ-ਹਿਤ ਦਾ ਇਨਕਲਾਬੀ ਵਿਚਾਰਧਾਰਕ ਪੈਂਤੜਾ ਨਾ ਤਾਂ ਠੋਸ ਸਿਧਾਂਤਕ ਆਧਾਰ 'ਤੇ ਖੜ੍ਹਾ ਹੋ ਸਕਿਆ ਅਤੇ ਨਾ ਹੀ ਆਜ਼ਾਦੀ ਦੀ ਲਹਿਰ ਤੋਂ ਉਤਪੰਨ ਹੋਏ ਲੋਕ-ਹਿਤੀ ਮੁਹਾਵਰੇ ਨੂੰ ਇਨਕਲਾਬੀ ਵਸਤੂ ਦੇ ਸਕਿਆ। ਵਿਚਾਰਧਾਰਕ ਸੰਘਰਸ਼ ਦੀ ਅਗਵਾਈ ਮੁੱਖ ਤੌਰ ਤੇ ਪੈਟੀ-ਬੁਰਜੂਆ ਦੇ ਹੱਥਾਂ ਵਿਚ ਹੋਣ ਕਰਕੇ ਇਸ ਦੀ ਵਸਤੂ ਇਸ ਜਮਾਤ ਦੀਆਂ ਇਤਿਹਾਸਕ ਸੀਮਾਵਾਂ ਤੋਂ ਅੱਗੇ ਨਹੀਂ ਵਧ ਸਕੀ।"32 ਇਸ ਨਿਰਾਸ਼ ਮਾਨਸਿਕਤਾ ਨੇ ਭਾਰਤ ਦੀ ਆਜ਼ਾਦੀ ਨੂੰ ਅਧੂਰੀ ਆਜ਼ਾਦੀ ਦੇ ਰੂਪ 'ਚ ਤਸੱਵੁਰ ਕੀਤਾ। ਪੰਜਾਬੀ ਦਾ ਪ੍ਰਗਤੀਵਾਦੀ ਬਿਰਤਾਂਤਕ ਪ੍ਰਵਚਨ ਭਾਰਤ ਦੀ ਪੂਰਨ ਸੁਤੰਤਰਤਾ ਅਰਥਾਤ ਸਮਾਜਵਾਦੀ ਵਿਵਸਥਾ ਦੀ ਸਥਾਪਨਾ ਨੂੰ ਉਦੇਸ਼ ਬਣਾ ਕੇ ਆਪਣਾ ਰਚਨਾ-ਕਾਰਜ ਵਿਉਂਤਦਾ ਹੈ। "ਪ੍ਰਗਤੀਵਾਦੀ ਨਾਵਲਕਾਰਾਂ ਦੀ ਦੇਣ ਯਥਾਰਥਵਾਦੀ ਦ੍ਰਿਸ਼ਟੀ ਵਿਚ ਨਹੀਂ ਬਲਕਿ ਸੰਨ ਸੰਤਾਲੀ ਦੀ ਕੌਮੀ ਆਜ਼ਾਦੀ ਤੋਂ ਪਿੱਛੋਂ ਸੁਤੰਤਰਤਾ ਦੀ ਲੜਾਈ ਨੂੰ ਨਵਾਂ ਮੋਰਚਾ ਦੇਣ ਵਿਚ ਹੈ। ਇਹ ਮੋਰਚਾ ਸਾਮੰਤਸ਼ਾਹੀ ਕੌਮੀ ਸਰਮਾਏਦਾਰੀ ਤੇ ਪ੍ਰਤਿਕਿਰਿਆਵਾਦੀ ਤਾਕਤਾਂ ਦੀ ਲੜਾਈ ਵਿਰੁੱਧ ਆਰਥਿਕ, ਸਮਾਜਿਕ ਹੱਕਾਂ ਦੀ ਲੜਾਈ ਦਾ ਮੋਰਚਾ ਸੀ। ਇਨ੍ਹਾਂ ਹੱਕਾਂ ਤੋਂ ਸੱਖਣੀ ਸੁਤੰਤਰਤਾ ਨੂੰ ਕੰਵਲ (ਜਸਵੰਤ) ਪੂਰਨਮਾਸ਼ੀ (ਨਾਵਲ) ਵਿਚ 'ਦੇਸੀ ਤੇ ਪਰਦੇਸੀ' ਸਰਮਾਏਦਾਰਾਂ ਦਾ ਸਮਝੌਤਾ ਕਹਿੰਦਾ ਹੈ। ਅਜਿਹੀ ਸੁਤੰਤਰਤਾ ਪ੍ਰਗਤੀਵਾਦੀ ਨਾਵਲਕਾਰਾਂ ਦੀਆਂ ਨਜ਼ਰਾਂ ਵਿਚ ਕੇਵਲ ਰਾਜ-ਸੱਤਾ ਦਾ ਤਬਾਦਲਾ ਸੀ। ਬਰਤਾਨਵੀ ਬੁਰਜੁਆਜ਼ੀ ਦੀ ਥਾਂ ਦੇਸੀ ਬੁਰਜੁਆਜ਼ੀ ਨੇ ਲੈ ਲਈ। ਪਰ ਆਰਥਿਕ-ਸਮਾਜਿਕ ਨਿਆਂ ਦੀ ਸਥਿਤੀ ਹੋਰ ਵੀ ਨਿੱਘਰ ਗਈ। ਉਨ੍ਹਾਂ ਨੇ ਇਸ ਚੁਣੌਤੀ ਨਾਲ ਨਿਪਟਣ ਲਈ ਪੰਜਾਬੀ ਨਾਵਲ ਦੇ ਮੁੱਢ ਤੋਂ ਹੀ ਚਲੀ ਆ ਰਹੀ ਸੁਤੰਤਰਤਾ ਦੀ ਲੜਾਈ ਦਾ ਘੇਰਾ ਮੋਕਲਾ ਕੀਤਾ।"24

ਪ੍ਰਗਤੀਵਾਦੀ ਪੰਜਾਬੀ ਬਿਰਤਾਂਤਕ ਪ੍ਰਵਚਨ ਦੇ ਸਨਮੁਖ ਪ੍ਰਸ਼ਨਾਂ ਦਾ ਪ੍ਰਸ਼ਨ ਇਹ ਰਿਹਾ ਹੈ ਕਿ ਸਮਾਜਵਾਦੀ ਕ੍ਰਾਂਤੀ ਦੇ ਸੁਪਨੇ ਨੂੰ ਸਾਕਾਰ ਕਰਨ ਹਿਤ ਜ਼ਮੀਨ ਕਿਵੇਂ ਤਿਆਰ ਕੀਤੀ ਜਾਵੇ ੧ੳ ਪ੍ਰਗਤੀਵਾਦੀ ਵਿਚਾਰਧਾਰਾ ਅਨੁਸਾਰ ਇਸ ਉਦੇਸ਼ ਦੀ ਪੂਰਤੀ ਹਿਤ ਪਹਿਲਾ ਪੜਾਅ ਆਪਣੀਆਂ ਸਮਕਾਲੀ ਪ੍ਰਸਥਿਤੀਆਂ ਨੂੰ ਵਸਤੂਮੁਖੀ ਢੰਗ ਨਾਲ ਸਮਝ ਸਕਣ ਦਾ ਬਣਦਾ ਹੈ ਅਤੇ ਦੂਜਾ ਹਾਸ਼ੀਆਗ੍ਰਸਤ ਕ੍ਰਾਂਤੀਕਾਰੀ ਸ਼ਕਤੀਆਂ ਨੂੰ ਉਭਾਰ ਕੇ ਕ੍ਰਾਂਤੀ ਲਈ ਸੰਘਰਸ਼ ਵਿੱਢਣ ਦਾ ਹੁੰਦਾ ਹੈ। ਭਾਰਤ/ਪੰਜਾਬ ਦੀਆਂ ਵਿਸ਼ੇਸ਼ ਪ੍ਰਸਥਿਤੀਆਂ ਦੇ ਸੰਦਰਭ ਵਿਚ ਪ੍ਰਗਤੀਵਾਦੀ ਪੰਜਾਬੀ ਬਿਰਤਾਂਤਕ ਪ੍ਰਵਚਨ ਇਨ੍ਹਾਂ ਦੋਹਾਂ ਪੱਖਾਂ ਤੋਂ ਹੀ ਕਾਰਜਸ਼ੀਲ ਹੁੰਦਾ ਹੈ। ਸਥਿਤੀਆਂ ਦੀ ਸਮਝ ਦਾ ਮਸਲਾ ਵਧੇਰੇ ਕਰਕੇ ਉਨ੍ਹਾਂ ਪ੍ਰਗਤੀਵਾਦੀ ਬਿਰਤਾਂਤਕਾਰਾਂ ਨੇ ਨਜਿੱਠਿਆ ਹੈ ਜਿਨ੍ਹਾਂ ਦਾ ਬਲ ਕ੍ਰਾਂਤੀ ਦੇ ਸੁਪਨੇ ਦੀ ਥਾਂ ਵਸਤੂ-ਯਥਾਰਥ ਦੇ ਅੰਤਰ-ਦਵੰਦਾਂ ਦੀ ਸਮਝ ਉਤੇ ਰਹਿੰਦਾ ਹੈ। ਇਨ੍ਹਾਂ ਨੂੰ ਆਲੋਚਨਾਤਮਕ ਯਥਾਰਥਵਾਦੀ ਕਿਹਾ ਗਿਆ ਹੈ।

ਆਲੋਚਨਾਤਮਕ ਯਥਾਰਥਵਾਦ ਦੇ ਧਾਰਨੀ ਬਿਰਤਾਂਤਕਾਰ, ਜਿਵੇਂ ਗੁਰਦਿਆਲ ਸਿੰਘ, ਸੰਤ ਸਿੰਘ ਸੇਖੋਂ, ਸੋਹਨ ਸਿੰਘ ਸੀਤਲ, ਦਲੀਪ ਕੌਰ ਟਿਵਾਣਾ, ਰਾਮ ਸਰੂਪ ਅਣਖੀ, ਕਰਮਜੀਤ ਸਿੰਘ ਕੁੱਸਾ, ਸਵਰਨ ਚੰਦਨ, ਰਘੁਬੀਰ ਢੰਡ, ਇੰਦਰ ਸਿੰਘ ਖਾਮੋਸ਼, ਅਵਤਾਰ ਸਿੰਘ ਬਿਲਿੰਗ, ਗੁਰਬਚਨ ਭੁੱਲਰ, ਗੁਰਦੇਵ ਰੁਪਾਣਾ, ਵਰਿਆਮ ਸਿੰਘ ਸੰਧੂ, ਪ੍ਰੇਮ ਪ੍ਰਕਾਸ਼, ਬਲਦੇਵ ਸਿੰਘ, ਪ੍ਰੇਮ ਗੋਰਖੀ, ਅਤਰਜੀਤ, ਕਿਰਪਾਲ ਕਜ਼ਾਕ ਆਦਿ ਪੰਜਾਬ ਦੇ ਪੇਂਡੂ ਸਮਾਜ ਵਿਚ ਜਾਤ ਅਤੇ ਜਮਾਤ ਦੀ ਡਾਇਲੈਕਟਸ ਨੂੰ ਸਮਝਣ-ਸਮਝਾਉਣ ਨੂੰ ਪਹਿਲ ਦਿੰਦੇ ਹਨ। ਸੁਖਬੀਰ, ਸੁਰਜੀਤ ਸੇਠੀ, ਨਰਿੰਜਨ ਤਸਨੀਮ, ਨਰਿੰਦਰ ਪਾਲ ਸਿੰਘ, ਐਸ. ਸੋਜ਼, ਚੰਦਨ ਨੇਗੀ ਆਦਿ ਸ਼ਹਿਰੀ ਪਰਿਪੇਖ ਵਿਚ ਪੂੰਜੀਵਾਦੀ ਕਦਰਾਂ-ਕੀਮਤਾਂ ਅਤੇ ਮਾਨਵੀ ਭਾਵ-ਬੋਧ ਦੇ ਤਣਾਅ ਨੂੰ ਮੂਰਤੀਮਾਨ ਕਰਨ ਵਾਲੇ ਬਿਰਤਾਂਤਕਾਰ ਹਨ। ਇਨ੍ਹਾਂ ਸਮੂਹ ਬਿਰਤਾਂਤਕਾਰਾਂ ਦਾ ਬਲ ਪ੍ਰਗਤੀਵਾਦੀ ਵਿਚਾਰਧਾਰਾ ਦੇ ਪਹਿਲੇ ਪੜਾਅ ਅਰਥਾਤ ਸਮਕਾਲੀ ਪ੍ਰਸਥਿਤੀਆਂ ਦੀ ਸਮਝ ਉਤੇ ਰਹਿੰਦਾ ਹੈ।

ਆਜ਼ਾਦੀ ਤੋਂ ਬਾਅਦ ਭਾਵੇਂ ਸਮਾਜ ਦੇ ਵਿਭਿੰਨ ਵਰਗਾਂ ਦੇ ਔਸਤਨ ਵਿਕਾਸ ਦੀ ਦਰ ਵਧਦੀ ਹੈ ਅਤੇ ਸੰਵਿਧਾਨ ਵਿਚ ਜਾਤ-ਪਾਤੀ ਵੰਡੀਆਂ ਨੂੰ ਖਤਮ ਕਰਨ ਲਈ ਕਾਨੂੰਨੀ ਵਿਧਾਨ ਹੋਂਦ ਵਿਚ ਆ ਜਾਂਦਾ ਹੈ ਪਰ ਵਿਵਹਾਰਕ ਰੂਪ ਵਿਚ ਭਾਰਤੀ ਸਮਾਜ ਦੀ ਸਾਮੰਤਵਾਦੀ ਦਰਜੇਬੰਦੀ ਵਾਲੀ ਵਿਵਸਥਾ ਜਿਉਂ ਦੀ ਤਿਉਂ ਕਠੋਰ ਬਣੀ ਰਹਿੰਦੀ ਹੈ। ਅਜਿਹੀ ਵਿਵਸਥਾ ਦਰਜੇਬੰਦੀ ਦੇ ਹੇਠਲੇ ਡੰਡੇ ਤੇ ਖੜ੍ਹੇ ਵਰਗਾਂ ਨੂੰ ਆਰਥਿਕ ਤੌਰ ਤੇ ਸਾਧਨਹੀਨ ਬਣਾਈ ਰਖਦੀ ਹੈ, ਸਾਂਸਕ੍ਰਿਤਿਕ ਤੌਰ ਤੇ ਪਛੜੇਵੇਂ ਦੀ ਦਲਦਲ ਵਿਚ ਫਸੇ ਰਹਿਣ ਲਈ ਮਜ਼ਬੂਰ ਕਰਦੀ ਹੈ ਅਤੇ ਰਾਜਨੀਤਿਕ ਤੌਰ ਤੇ ਆਪਣੇ ਹੱਕਾਂ ਦੀ ਚੇਤਨਾ ਤੋਂ ਵਾਂਝੇ ਕਰ ਛਡਦੀ ਹੈ। ਇਸ ਦੇ ਉਲਟ ਜਾਤੀ ਅਤੇ ਆਰਥਿਕ ਤੌਰ ਤੇ ਉੱਚ-ਵਰਗ ਦਿਨੋ-ਦਿਨ ਆਪਣੀ ਸਥਿਤੀ ਹੋਰ ਮਜ਼ਬੂਤ ਕਰਕੇ ਨਵੀਆਂ ਪ੍ਰਸਥਿਤੀਆਂ ਵਿਚ ਵੀ ਸਥਾਪਤੀ ਦਾ ਅੰਗ ਬਣੇ ਰਹਿਣ ਵਿਚ ਸਫ਼ਲ ਰਹਿੰਦੇ ਹਨ। ਆਜ਼ਾਦੀ ਤੋਂ ਪਹਿਲਾਂ ਜਿਹੜੇ ਬਸਤੀਵਾਦੀ ਹਕੂਮਤ ਤੋਂ ਪ੍ਰਾਪਤ ਰਿਆਇਤਾਂ ਸਦਕਾ ਜਾਗੀਰਦਾਰ, ਜ਼ੈਲਦਾਰ, ਬਿਸਵੇਦਾਰ ਸਫੈਦਪੋਸ਼ ਆਦਿ ਦੇ ਲਕਬ ਹਾਸਲ ਕਰੀ ਬੈਠੇ ਸਨ, ਦੇ ਪਰੰਪਰਕ ਲਕਬ ਤਾਂ ਭਾਵੇਂ ਨਵੇਂ ਲੋਕਤੰਤਰੀ ਢਾਂਚੇ ਵਿਚ ਖੁੱਸ ਜਾਂਦੇ ਹਨ ਪਰ ਤਾਕਤ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ। ਇਸੇ ਤਾਕਤ ਰਾਹੀਂ ਉਹ ਲੋਕਤੰਤਰੀ ਢਾਂਚੇ ਵਿਚ ਸਰਪੰਚ, ਚੇਅਰਮੈਨ, ਮੰਤਰੀ ਆਦਿ ਅਹੁਦਿਆਂ ਨੂੰ ਪ੍ਰਾਪਤ ਕਰ ਲੈਂਦੇ ਹਨ। ਦੂਜੇ ਸ਼ਬਦਾਂ ਵਿਚ ਸਿਰਫ ਨਾਂ ਹੀ ਬਦਲਦੇ ਹਨ, ਸਥਿਤੀ ਵਿਚ ਕੋਈ ਬੁਨਿਆਦੀ ਪਰਿਵਰਤਨ ਨਹੀਂ ਵਾਪਰਦੇ। ਮੱਖਣ ਸਿੰਘ ਦੇ ਨਾਵਲ 'ਲਾਵਾ' ਦਾ ਸਰਪੰਚ ਅਤੇ ਹੌਲਦਾਰ ਜਗਤ ਸਿੰਘ ਵਰਗੇ ਪਾਤਰ ਇਸ ਧਾਰਨਾ ਦੀ ਪੁਸ਼ਟੀ ਕਰਦੇ ਹਨ। "ਲਾਵਾ ਵਿਚ ਸੁਤੰਤਰਤਾ ਤੋਂ ਪਹਿਲਾਂ ਦਾ ਜੈਲਦਾਰ ਸੁਤੰਤਰਤਾ ਤੋਂ ਬਾਅਦ ਪਿੰਡ ਦਾ ਸਰਪੰਚ ਬਣ ਜਾਂਦਾ ਹੈ। ਨਿਮਨ ਜਾਤੀਆਂ ਤੇ ਸ਼੍ਰੇਣੀਆਂ ਦੀ ਪਿੰਡ ਦੇ ਬਾਹਰਵਾਰ ਕੱਚੀ ਠੱਠੀ ਪਿੰਡ ਦੇ ਹਾਕਮ ਸਰਪੰਚ ਲਈ ਅਜੇ ਵੀ 'ਚੜ੍ਹੰਮ ਵਾਧਾ' ਤੇ ਚੂਹੜੇ ਹਨ।"34

**ਇਸੇ** ਤਰ੍ਹਾਂ ਬਲਬੀਰ ਸਿੰਘ ਸੰਧੂ ਦੇ ਨਾਵਲ 'ਧੂੜ ਉਡਦੀ ਰਹੀ'ਵਿਚਲਾ ਠੇਕੇਦਾਰ ਇਕਬਾਲ ਸਿੰਘ ਪੈਸੇ ਅਤੇ ਤਿਕੜਮਬਾਜ਼ੀਆਂ ਦੇ ਬਲਬੋਤੇ ਰਾਜਸੀ ਤਾਕਤ ਹਥਿਆਉਣ ਵਿਚ ਕਾਮਯਾਬੀ ਹਾਸਲ ਕਰਦਾ ਹੈ। "ਧੂੜ ਉਡਦੀ ਰਹੀ ਨਾਵਲ ਵਿਚ ਪੰਚਾਇਤੀ ਚੋਣਾਂ ਦਾ ਦ੍ਰਿਸ਼ ਪੂੰਜੀਵਾਦੀ ਲੋਕ ਰਾਜ ਦੀ ਅਸਲੀਅਤ ਨੂੰ ਉਜਾਗਰ ਕਰਦਾ ਹੈ। ਇਸ ਵਿਚ ਰਾਜ-ਸੱਤਾ ਨੂੰ ਹਥਿਆਉਣ ਲਈ ਹਰ ਭਾਂਤ ਦੇ ਅਣ-ਮਨੁੱਖੀ ਹੱਥਕੰਡੇ ਵਰਤੇ ਜਾਂਦੇ ਹਨ। ਸ਼ਰਾਬ, ਪੈਸਾ, ਜਾਤ-ਬਰਾਦਰੀ, ਅਪਣੱਤ ਦੇ ਖੇਖਣ ਦੀਆ ਜੁਗਤਾਂ ਰਾਹੀਂ ਸਾਧੂ (ਵਿਰੋਧੀ ਉਮੀਦਵਾਰ) ਦੇ 'ਭੁੱਖੇ ਨੰਗੇ' ਤੇ 'ਕੰਮੀ ਕੰਮੀਣ' ਹੋਣ ਦੀ ਆਰਥਿਕ-ਸਾਂਸਕ੍ਰਿਤਿਕ ਸਥਿਤੀ ਨੂੰ ਭੰਡਿਆ ਜਾਂਦਾ ਹੈ ਤੇ ਠੇਕੇਦਾਰਾਂ ਦੇ 'ਰਹੀਸ਼ਪੁਣੇ' ਨੂੰ ਵਡਿਆਇਆ ਜਾਂਦਾ ਹੈ।"35

ਠੇਕੇਦਾਰ ਆਪਣੀ ਸਫ਼ਲਤਾ ਲਈ ਪੁਲਸ ਦੇ ਡੰਡੇ ਅਤੇ ਸਰਕਾਰੀ ਪ੍ਰਬੰਧ ਦੀ ਦੁਰਵਰਤੋਂ ਵੀ ਖੁੱਲ੍ਹ ਕੇ ਕਰਦਾ ਹੈ। ਨਜਿਹੀਆਂ ਪ੍ਰਸਥਿਤੀਆਂ ਵਿਚ ਉਹ ਸਭ ਬਰਕਤਾਂ ਜੋ ਸੁਤੰਤਰਤਾ ਪ੍ਰਾਪਤੀ ਅਤੇ ਥੋੜ੍ਹੇ-ਬਹੁਤੇ ਉਦਯੋਗਿਕ ਵਿਕਾਸ ਨਾਲ ਪੈਦਾ ਹੋਈਆਂ ਸਨ, ਸਾਧਨ-ਸਾਪੰਨ ਵਰਗਾਂ ਦੀ ਝੋਲੀ ਵਿਚ ਜਾ ਪੈਂਦੀਆਂ ਹਨ। ਸਿੱਟੇ ਵਜੋਂ ਨਿਮਨ-ਵਰਗਾਂ ਦੀ ਸਥਿਤੀ ਵਿਚ ਕੋਈ ਗੌਲਣਯੋਗ ਪਰਿਵਰਤਨ ਨਹੀਂ ਆਉਂਦਾ। ਉਹ ਆਪਣੀ ਜਾਤੀਗਤ ਹੀਣਤਾ ਅਤੇ ਆਰਥਿਕ ਕੰਮਜ਼ੋਰੀ ਕਾਰਨ ਅਣਮਨੁੱਖੀ ਜੀਵਨ ਜਿਉਣ ਲਈ ਮਜ਼ਬੂਰ ਹੁੰਦੇ ਹਨ। ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਦਾ ਮੁੱਖ ਪਾਤਰ ਜਗਸੀਰ ਇਨ੍ਹਾਂ ਨਿਮਨ ਵਰਗਾਂ ਦੀ ਪ੍ਰਤੀਨਿਧ ਮਿਸਾਲ ਪੇਸ਼ ਕਰਦਾ ਹੈ। ਨਾਵਲ ਦੀ ਮੂਲ ਸਮੱਸਿਆ ਜਗਸੀਰ ਦੇ ਵਿਆਹ ਨਾ ਹੋ ਸਕਣ ਨਾਲ ਪੈਦਾ ਹੁੰਦੀ ਹੈ। ਜਗਸੀਰ ਦੀ

ਕੰਮਜ਼ੋਰ ਆਰਥਿਕ ਸਥਿਤੀ ਤੋਂ ਵੀ ਵਧੇਰੇ ਉਸ ਦੀ ਸਾਂਸਕ੍ਰਿਤਿਕ ਤੌਰ ਤੇ ਨਿਮਨ ਸਥਿਤੀ ਉਸ ਦੇ ਦੁਖਾਂਤ ਦਾ ਕਾਰਨ ਬਣਦੀ ਹੈ। ਜਗਸੀਰ ਦੀ ਮਾਂ ਸਾਹਸੀਆਂ ਦੀ ਕੁੜੀ ਸੀ ਅਤੇ ਉਧਲ ਕੇ ਆਈ ਹੋਣ ਕਾਰਨ 'ਪੇਕਿਆਂ ਵਾਹਰੀ' ਹੋਣ ਦਾ ਸੰਤਾਪ ਹੰਢਾਉਣ ਲਈ ਮਜ਼ਬੂਰ ਸੀ। ਇਸ ਲਈ ਜਗਸੀਰ ਨੂੰ 'ਪੁੰਨ ਦਾ ਸਾਕ' ਨਹੀਂ ਚੜ੍ਹਦਾ। ਆਰਥਿਕ ਤੌਰ ਤੇ ਵੀ ਜਗਸੀਰ ਉਸ ਸਮੇਂ ਟੁੱਟਿਆ ਮਹਿਸੂਸ ਕਰਦਾ ਹੈ ਜਦੋਂ ਉਸ ਨੂੰ ਪੂੰਜੀਵਾਦੀ ਰਿਸ਼ਤੇ ਪਛਾੜ ਕੇ ਸੁੱਟ ਜਾਂਦੇ ਹਨ। ਜਾਗੀਰਦਾਰ ਪਰਿਵਾਰ ਦਾ ਵਾਰਸ ਭੰਤਾ ਆਪਣੇ ਪੂੰਜੀਵਾਦੀ ਹਿਤਾਂ ਨੂੰ ਮੂਹਰੇ ਰਖਦਿਆਂ ਪੂਰੀ ਕਠੋਰਤਾ ਨਾਲ ਆਪਣੇ ਉਹ ਚਾਰ ਵਿੱਘੇ ਵਾਪਸ ਲੈ ਲੈਂਦਾ ਹੈ ਜਿਹੜੇ ਕਦੇ ਉਸ ਦੇ ਪੁਰਖਿਆਂ ਨੇ ਜਗਸੀਰ ਦੇ ਬਾਪ ਨੂੰ ਮਿਹਨਤ-ਮੁਸ਼ੱਕਤ ਦੇ ਇਵਜ਼ ਵਿਚ ਮਾਣ-ਸਤਿਕਾਰ ਅਤੇ ਭਰੱਪਣ ਨਾਲ ਦਿੱਤੇ ਸਨ। ਜੀਵਣ ਨਾਲ ਜੋੜੀ ਰੱਖਣ ਵਾਲੇ ਸਭ ਭਰਮ ਟੁੱਟ ਜਾਣ ਨਾਲ ਜਗਸੀਰ ਦੀ ਦਿਸ਼ਾ ਘੁੱਟ-ਘੁੱਟ ਕੇ ਮੌਤ ਵੱਲ ਤੁਰਨ ਦੀ ਹੋ ਨਿਬੜਦੀ ਹੈ।

ਜਗਸੀਰ ਵਾਂਗ ਹੀ ਦਲੀਪ ਕੌਰ ਟਿਵਾਣਾ ਦੇ ਨਾਵਲ 'ਏਹੁ ਹਮਾਰਾ ਜੀਵਣਾ' ਦੀ ਭਾਨੀ ਵੀ ਆਪਣੇ ਮਾਨਵੀ ਗੌਰਵ ਤੋਂ ਵਾਂਝੀ ਰਹਿ ਕੇ ਦੁਖਾਂਤਕ ਅੰਤ ਤੱਕ ਪਹੁੰਚਦੀ ਹੈ। ਆਪਣੇ ਛੜੇ ਰਹਿ ਗਏ ਦਿਓਰਾਂ-ਜੇਠਾਂ ਦੀ ਕਾਮ-ਪੂਰਤੀ ਦਾ ਸਾਧਨ ਬਣਨ ਤੋਂ ਇਨਕਾਰੀ ਹੋਣ ਦਾ ਸਿੱਟਾ ਇਹ ਨਿਕਲਦਾ ਹੈ ਕਿ ਸਾਂਝਾ ਪਰਿਵਾਰ ਟੁੱਟ ਜਾਂਦਾ ਹੈ ਅਤੇ ਭਰਾਵਾਂ ਦੇ ਝਗੜੇ ਵਿਚ ਭਾਨੀ ਦੇ ਪਤੀ ਸਰਵਣ ਦਾ ਕਤਲ ਹੋ ਜਾਂਦਾ ਹੈ। ਭਾਨੀ ਦੇ ਪੇਕੇ ਵੀ ਉਸ ਨੂੰ ਨਹੀਂ ਝਲਦੇ ਅਤੇ ਉਹ ਰੁਲਦੀ-ਖੁਲਦੀ ਨਰੈਣੇ ਅਮਲੀ ਦੇ ਵੱਸ ਪੈ ਜਾਂਦੀ ਹੈ। ਉਥੇ ਵੀ ਉਸ ਨੂੰ ਟਿਕਣਾ ਨਸੀਬ ਨਹੀਂ ਹੁੰਦਾ ਅਤੇ ਉਹ ਅੱਗੇ ਵੇਚ ਦਿੱਤੀ ਜਾਂਦੀ ਹੈ। ਭਾਨੀ ਦੀ ਹੋਂਦ ਕਿਤੇ ਵੀ ਇਕ ਵਸਤੂ ਤੋਂ ਵਧੇਰੇ ਅਰਥਾਂ ਦੀ ਧਾਰਨੀ ਨਹੀਂ ਬਣਦੀ। ਅਰਧ ਸਾਮੰਤੀ ਸਮਾਜ ਵਿਚ ਔਰਤ ਦੀ ਹੀਣ ਸਥਿਤੀ ਨੂੰ ਭਾਨੀ ਦੇ ਦੁਖਾਂਤ ਰਾਹੀਂ ਭਲੀ-ਭਾਂਤ ਮਹਿਸੂਸ ਕੀਤਾ ਜਾ ਸਕਦਾ ਹੈ। ਮਰਦ-ਪ੍ਰਧਾਨ ਸਾਮੰਤੀ ਸਮਾਜ ਦੇ ਸੰਸਕਾਰ ਮਰਦਾਵੀਂ ਹਉਂ ਅਤੇ ਲਾਲਸਾ ਦੇ ਰੂਪ ਵਿਚ ਤਾਂ ਭਾਨੀ ਦੇ ਦੁਖਾਂਤ ਨੂੰ ਵਧਾਉਂਦੇ ਹੀ ਹਨ, ਇਹ ਸੰਸਕਾਰ ਭਾਨੀ ਦੇ ਅਵਚੇਤਨ ਦਾ ਅੰਗ ਬਣ ਕੇ ਵੀ ਉਸ ਨੂੰ ਵਸਤੂ-ਰੂਪ ਬਣਾਈ ਰਖਦੇ ਹਨ। ਫਲਸਰੂਪ ਉਹ ਚੁੱਪ-ਚਾਪ ਹੀ ਹਰੇਕ ਜ਼ਬਰ ਨੂੰ ਸਹਿਣ ਲਈ ਮਜ਼ਬੂਰ ਹੁੰਦੀ ਹੈ। ਪੰਜਾਬ ਵਿਚ ਉਚ-ਸ਼੍ਰੇਣੀ ਦਾ ਦਰਜਾ ਹਾਸਲ ਕਰ ਚੁੱਕੀ ਜੱਟ ਜਾਤੀ ਵਿਚੋਂ ਹੋਣ ਦੇ ਬਾਵਯੂਦ ਭਾਨੀ ਦੀ ਸਥਿਤੀ ਵਿਵਹਾਰਕ ਰੂਪ 'ਚ ਨਿਮਨ ਵਰਗਾਂ ਤੋਂ ਕੋਈ ਬਹੁਤੀ ਵੱਖਰੀ ਨਜ਼ਰ ਨਹੀਂ ਆਉਂਦੀ। ਨਾਵਲ ਦੇ "ਵਿਅੰਗ ਸੰਸਾਰ ਵਿਚ ਭਾਨੀ ਦਾ ਕਿਰਦਾਰ ਜਾਗੀਰਦਾਰੀ ਵਰਤਾਰੇ ਅਧੀਨ ਮਨੁੱਖੀ ਬੇਕਦਰੀ ਦਾ ਅਤੇ ਅਮਲੀ ਦਾ ਕਿਰਦਾਰ ਵਰਤਾਰੇ ਦੀ ਨਿਪੁੰਸਕਤਾ ਦਾ ਪ੍ਰਤੀਕ ਬਣ ਕੇ ਉਭਰਦਾ ਪ੍ਰਤੀਤ ਹੁੰਦਾ ਹੈ।"37

ਆਲੋਚਨਾਤਮਕ ਯਥਾਰਥਵਾਦ ਦੇ ਧਾਰਨੀ ਬਿਰਤਾਂਤਕਾਰਾਂ ਦਾ ਵਧੇਰੇ ਬਲ ਭਾਵੇਂ ਵਸਤੂ-ਸਥਿਤੀ ਦੀ ਵਿਕਰਾਲਤਾ ਦਾ ਯਥਾਰਥਕ ਚਿੱਤਰ ਉਭਾਰਨ ਉਤੇ ਹੀ ਰਹਿੰਦਾ ਹੈ ਪਰ ਨਾਲ ਨਾਲ ਉਹ ਹਾਸ਼ੀਆਗ੍ਰਸਤ ਪਾਤਰਾਂ ਦੇ ਰੋਹ ਨੂੰ ਵੀ ਮੂਰਤੀਮਾਨ ਕਰਨ ਦਾ ਉਪਰਾਲਾ ਕਰਦੇ ਹਨ। ਮਿਸਾਲ ਵਜੋਂ ਉਨ੍ਹਾਂ ਪਾਤਰਾਂ ਨੂੰ ਹਮਦਰਦੀ ਨਾਲ ਚਿਤਰਿਆ ਗਿਆ ਮਿਲਦਾ ਹੈ ਜਿਹੜੇ ਭਾਵੇਂ ਸਥਾਪਤੀ ਨਾਲ ਸਿੱਧਾ ਸੰਘਰਸ਼ ਵਿੱਢਣ ਦੀ ਹਾਲਤ ਵਿਚ ਨਹੀਂ ਪਰ ਉਹ ਸਥਾਪਤੀ ਦਾ ਅੰਗ ਬਣ ਕੇ ਉਸ ਦੇ ਰਉਂ-ਰੁਖ ਚੱਲਣ ਦੇ ਅਭਿਲਾਸ਼ੀ ਵੀ ਨਹੀਂ। ਇਨ੍ਹਾਂ ਪਾਤਰਾਂ ਦੀ ਹਾਰ ਜਾਂ ਦੁਖਾਂਤਕ ਅੰਤ ਵੀ ਪਾਠਕ ਦੀ ਚੇਤਨਾ ਉਤੇ ਹਾਂ-ਪੱਖੀ ਪ੍ਰਭਾਵ ਛਡਦਾ ਹੈ। 'ਮੜ੍ਹੀ ਦਾ ਦੀਵਾ' ਦੇ ਕੇਂਦਰੀ ਪਾਤਰ ਜਗਸੀਰ ਨੂੰ ਇਉਂ ਹੀ ਚਿਤਰਿਆ ਗਿਆ ਹੈ।

ਗੁਰਦਿਆਲ ਸਿੰਘ ਦੇ ਨਾਵਲ 'ਅਣਹੋਏ' ਦਾ ਬਿਸ਼ਨਾ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਸਬੰਧਿਤ ਨਾ ਹੋਣ ਦੇ ਬਾਵਯੂਦ ਅਨਿਆ ਦੇ ਵਿਰੁੱਧ ਸਿੱਧਾ ਸੰਘਰਸ਼ ਵਿੱਢਦਾ ਹੈ। "ਆਪਣੇ ਆਲੇ-ਦੁਆਲੇ ਪ੍ਰਤੀ ਉਸ ਦਾ (ਬਿਸ਼ਨੇ ਦਾ) ਰਵੱਈਆ ਕਟਾਖ਼ਮਈ ਅਤੇ ਅਣਖ-ਭਰਪੂਰ ਹੈ। ਉਸ ਦੇ ਚਰਿਤ੍ਰ ਵਿਚ ਜਾਗ ਰਹੇ ਪ੍ਰੋਲਤਾਰੀ ਦੀਆਂ ਸੰਭਾਵਨਾਵਾਂ ਮੌਜੂਦ ਹਨ। ਆਪਣੀ ਕਾਰੀਗਰੀ ਦਾ ਮਾਣ ਉਸ ਨੂੰ ਖੇਤ-ਮਜ਼ਦੂਰ ਵਾਂਗ ਮਾਨਵਤਾ ਵਿਰੋਧੀ ਸ਼ਕਤੀਆਂ ਅੱਗੇ ਗੋਡੇ ਨਹੀਂ ਟੇਕਣ ਦਿੰਦਾ।"38

ਜਿੱਥੇ ਆਲੋਚਨਾਤਮਕ ਯਥਾਰਥਵਾਦੀ ਬਿਰਤਾਂਤਕਾਰ ਪਾਤਰਾਂ ਦੇ ਰੋਹ ਨੂੰ ਵਸਤੂ-ਸਥਿਤੀ ਦੀਆਂ ਸੰਭਾਵਨਾਵਾਂ ਦੇ ਦਾਇਰੇ ਵਿਚ ਰੱਖ ਕੇ ਚਿਤਰਦੇ ਹਨ ਉਥੇ ਪ੍ਰਗਤੀਵਾਦੀ ਯਥਾਰਥਵਾਦ ਦੇ ਧਾਰਨੀ ਬਿਰਤਾਂਤਕਾਰਾਂ ਦਾ ਫੋਕਸ ਸਮਾਜਵਾਦ ਦੇ ਸੁਪਨੇ ਦੀ ਉਸਾਰੀ ਉਤੇ ਵਧੇਰੇ ਰਹਿੰਦਾ ਹੈ ਭਾਵੇਂ ਅਜਿਹਾ ਕਰਦਿਆਂ ਉਨ੍ਹਾਂ ਦੇ ਬਿਰਤਾਂਤ ਦੇ ਯਥਾਰਥਵਾਦੀ ਸਰੂਪ ਨੂੰ ਠੇਸ ਵੀ ਲਗਦੀ ਹੋਵੇ। ਇਸ ਪ੍ਰਸੰਗ ਵਿਚ ਜਸਵੰਤ ਸਿੰਘ ਕੰਵਲ ਦਾ ਨਾਂ

ਸਭ ਤੋਂ ਉਭਰਵਾਂ ਹੈ। ਵਿਸ਼ੇਸ਼ ਕਰਕੇ ਨਿਮਨ ਅਤੇ ਮੱਧਲੀ ਕਿਸਾਨੀ ਵਿਚਲੇ ਸੰਘਰਸ਼ਮਈ ਤੱਤਾਂ ਨੂੰ ਕੰਵਲ ਉਭਾਰ ਕੇ ਪੇਸ਼ ਕਰਦਾ ਹੈ। ਨਾਵਲ 'ਰਾਤ ਬਾਕੀ ਹੈ' ਵਿਚਲਾ ਮੁੱਖ ਪਾਤਰ ਚਰਨ ਇਕ ਅਜਿਹਾ ਸਾਹਸੀ ਨੌਜਵਾਨ ਕਮਿਊਨਿਸਟ ਹੈ ਜਿਹੜਾ ਮੁਜ਼ਾਰਾ ਲਹਿਰ ਦਾ ਆਗੂ ਬਣ ਕੇ ਜਾਗੀਰਦਾਰੀ ਵਿਰੁੱਧ ਸਿੱਧੀ ਟੱਕਰ ਲੈਂਦਾ ਹੈ।

ਪੰਜਾਬ ਵਿਚ ਨਕਸਲਬਾੜੀ ਲਹਿਰ ਦੇ ਉਭਾਰ ਸਮੇਂ ਲਿਖੇ ਗਏ ਨਾਵਲ 'ਲਹੂ ਦੀ ਲੋਅ' ਵਿਚ ਹਥਿਆਰਬੰਦ ਸੰਘਰਸ਼ ਰਾਹੀਂ ਸਮਾਜਵਾਦ ਦੀ ਸਥਾਪਨਾ ਨੂੰ ਰਚਨਾ-ਪ੍ਰਯੋਜਨ ਬਣਾ ਕੇ ਪੇਸ਼ ਕੀਤਾ ਗਿਆ ਹੈ। ਚੋਣਾਂ ਰਾਹੀਂ ਸੱਤਾ-ਪਰਿਵਰਤਨ ਦੀ ਭ੍ਰਾਂਤੀ ਤੋਂ ਮੁਕਤ ਹੋਣ ਨਾਲ ਹੀ ਨਕਸਲਬਾੜੀ ਲਹਿਰ ਦਾ ਉਦੈ ਹੋਇਆ ਸੀ। ਇਸ ਨਾਵਲ ਦੇ ਕ੍ਰਾਂਤੀਕਾਰੀ ਪਾਤਰ — ਮਿਹਰ ਸਿੰਘ, ਪੀਤੂ, ਧੀਰੋ ਰਾਮ, ਮਾਸਟਰ ਹਮੀਰ ਸਿੰਘ ਆਦਿ — ਇਕ ਪਾਸੇ ਸਥਾਪਤੀ ਵਿਰੁੱਧ ਸੰਘਰਸ਼ ਕਰਦੇ ਹਨ ਅਤੇ ਦੂਜੇ ਪਾਸੇ ਆਪਣੇ ਜਾਤੀ-ਜਮਾਤੀ ਚਰਿਤਰ ਦੇ ਪ੍ਰਤੀਗਾਮੀ ਸੰਸਕਾਰਾਂ ਨਾਲ। ਭਾਵੇਂ ਨਕਸਲਬਾੜੀ ਲਹਿਰ ਵਾਂਗ ਹੀ ਇਸ ਨਾਵਲ ਦੇ ਪਾਤਰ ਵੀ ਸਮਾਜਵਾਦ ਦੇ ਸੁਪਨੇ ਨੂੰ ਹਕੀਕਤ ਵਿਚ ਬਦਲ ਦੇਣ ਤੋਂ ਅਸਮਰਥ ਰਹਿੰਦੇ ਹਨ ਪਰ ਉਨ੍ਹਾਂ ਦਾ ਸੰਘਰਸ਼ ਪਾਠਕ ਦੀ ਚੇਤਨਾ ਵਿਚ ਸਥਾਪਤੀ ਦੇ ਸ਼ੋਸ਼ਣਕਾਰੀ ਅਤੇ ਦਮਨਕਾਰੀ ਸਰੂਪ ਵਿਰੁੱਧ ਨਫ਼ਰਤ ਦਾ ਬੀਜ ਜ਼ਰੂਰ ਬੋ ਦਿੰਦਾ ਹੈ।

ਸ਼ਹਿਰੀ ਪਰਿਪੇਖ ਵਾਲਾ ਪ੍ਰਗਤੀਵਾਦੀ ਪੰਜਾਬੀ ਬਿਰਤਾਂਤਕ ਪ੍ਰਵਚਨ ਪ੍ਰਮੁੱਖ ਤੌਰ ਤੇ ਮਾਨਵੀ ਭਾਵ-ਬੋਧ ਦੇ ਪੈਂਤੜੇ ਤੋਂ ਪੂੰਜੀਵਾਦੀ ਵਿਵਸਥਾ ਨਾਲ ਸੰਵਾਦ 'ਚ ਪੈਂਦਾ ਹੈ। ਉਦਯੋਗੀਕਰਨ ਅਤੇ ਬਾਜ਼ਾਰੀਕਰਨ ਦੀ ਪ੍ਰਕਿਰਿਆ ਦਾ ਮੁਢਲਾ ਅਸਰ ਸ਼ਹਿਰੀ ਜਨ-ਜੀਵਨ ਉਤੇ ਪੈਣਾ ਆਰੰਭ ਹੁੰਦਾ ਹੈ। ਸਿੱਟੇ ਵਜੋਂ ਮਾਨਵੀ ਭਾਵ-ਬੋਧ ਦੀ ਥਾਂ ਆਰਥਿਕ ਰਿਸ਼ਤੇ ਪ੍ਰਮੁੱਖਤਾ ਹਾਸਲ ਕਰਨ ਲਗਦੇ ਹਨ। ਇਸ ਵਿਸ਼ੇ ਨੂੰ ਰਚਨਾ-ਵਸਤੂ ਬਨਾਉਣ ਵਾਲਾ ਸਭ ਤੋਂ ਪ੍ਰਮੁੱਖ ਬਿਰਤਾਂਤਕਾਰ ਸੁਖਬੀਰ ਹੈ ਜਿਹੜਾ ਪ੍ਰਗਤੀਵਾਦੀ ਕੋਣ ਤੋਂ ਖੜ੍ਹ ਕੇ ਸ਼ਹਿਰੀਕਰਨ ਦੀ ਪ੍ਰਕਿਰਿਆ ਨੂੰ ਵਾਚਦਾ ਹੈ। "...ਉਹ (ਸੁਖਬੀਰ) ਇਸ ਸਮਾਜ ਦਾ ਚਿਤ੍ਰ ਵਾਹੁਣ ਸਮੇਂ ਸਮਾਜਵਾਦੀ ਸਮਾਜਿਕ ਪ੍ਰਬੰਧ ਵਿਚ ਖੜੋ ਕੇ ਇਸ ਨੂੰ ਦੇਖਦਾ ਹੈ। ਇਹ ਸਮਾਜਕ ਪ੍ਰਬੰਧ ਨਿਰਸੰਦੇਹ ਭਾਰਤ ਦੀ ਧਰਤੀ ਉਤੇ ਨਹੀਂ, ਉਸ ਤੋਂ ਪਰ੍ਹਾਂ ਜਾਂ ਉਸ ਦੀ ਕਲਪਨਾ ਵਿਚ ਹੈ...। 'ਸੜਕਾਂ ਤੇ ਕਮਰੇ' ਨਾਵਲ ਵਿਚ ਉਹ ਭਾਰਤੀ ਸਮਾਜ ਦੇ ਪੂੰਜੀਵਾਦੀ ਢਾਂਚੇ ਦੀ ਰੋਗੀ ਅਵਸਥਾ ਅਤੇ ਇਸ ਵਿਚ ਭਟਕਦੇ ਮੀਨਾ ਵਰਗੇ ਪਾਤਰਾਂ ਦੀ ਤਰਸਯੋਗ ਹਾਲਤ ਨੂੰ ਚਿਤਰਦਾ ਹੋਇਆ ਵੀ ਉਨ੍ਹਾਂ ਨੂੰ ਨਿਰਾਸ਼ ਨਹੀਂ ਹੋਣ ਦਿੰਦਾ ਕਿਉਂਕਿ ਉਸ ਵਾਂਗ ਉਸਦੇ ਬਹੁਤੇ ਪਾਤਰ ਵੀ ਇਸ ਸਮਾਜ ਤੋਂ ਪੂਰੀ ਤਰ੍ਹਾਂ ਸੁਚੇਤ ਹਨ।...ਇਸ ਨਾਵਲ ਵਿਚ ਅਜਿਹੇ ਪਾਤਰ ਵੀ ਹਨ ਜਿਹੜੇ ਗਰੀਬੀ ਅਤੇ ਵਿਹਲ ਦੀ ਹਾਲਤ ਵਿਚ ਸੜਕਾਂ ਉਤੇ ਘੁੰਮ ਕੇ ਰਾਤਾਂ ਗੁਜ਼ਾਰਦੇ ਹਨ, ਪਰ ਜਿਨ੍ਹਾਂ ਵਿਚ ਮਨੁੱਖਤਾ ਅਜੇ ਜਿਉਂਦੀ ਹੈ। ਇਹ ਮਨੁੱਖਤਾ ਹੀ ਉਨ੍ਹਾਂ ਵਿਚ ਚੰਗੇ ਭਵਿੱਖ ਦੀ ਉਮੀਦ ਨੂੰ ਮਘਦਿਆਂ ਰਖਦੀ ਹੈ।"39

ਵੀਹਵੀਂ ਸਦੀ ਦੇ ਨੌਵੇਂ ਦਹਾਕੇ ਵਿਚ ਉਭਰਿਆ ਪੰਜਾਬ ਸੰਕਟ ਪੰਜਾਬੀ ਬਿਰਤਾਂਤਕਾਰ ਅੱਗੇ ਇਕ ਵੱਡੀ ਚੁਣੌਤੀ ਪੈਦਾ ਕਰਦਾ ਹੈ। ਸਥਾਪਤੀ (ਹਿੰਦੂ ਬੁਰਜਵਾ ਸ਼੍ਰੇਣੀ ਦੀ ਪ੍ਰਤੀਨਿਧ ਕਾਂਗਰਸ ਪਾਰਟੀ ਦੀ ਸਰਕਾਰ ਜੋ ਉਸ ਸਮੇਂ ਕੇਂਦਰ ਵਿਚ ਸ਼ਾਸ਼ਕ ਸੀ) ਵੱਲੋਂ ਸੰਪਰਦਾਇਕ-ਚੇਤਨਾ ਨੂੰ ਇਕ ਜੁਗਤ ਵਜੋਂ ਵਰਤ ਕੇ ਆਪਣੇ ਆਰਥਿਕ ਅਤੇ ਸਿਆਸੀ ਹਿਤਾਂ ਨੂੰ ਸੁਰੱਖਿਅਤ ਰੱਖਣ ਦੀ ਨੀਤੀ ਮੂਲ ਰੂਪ 'ਚ ਪੰਜਾਬ ਸੰਕਟ ਦਾ ਕਾਰਨ ਬਣਦੀ ਹੈ। ਸਥਾਪਤੀ ਦੀ ਅਜਿਹੀ ਨੀਤੀ ਦਾ ਤੱਤਸਾਰ ਨਾ ਸਮਝ ਸਕਣ ਦੀ ਸੂਰਤ ਵਿਚ ਆਮ ਲੁਕਾਈ ਭਾਵੇਂ ਹਿੰਦੂ-ਸਿੱਖ ਦੀਆਂ ਦੋ ਧਿਰਾਂ ਵਿਚ ਵੰਡੀ ਜਾਣ ਕਰਕੇ ਫਿਰਕੂ ਤਣਾਅ ਦਾ ਸੰਤਾਪ ਝੇਲਦੀ ਹੈ ਪਰ ਪੰਜਾਬੀ ਬਿਰਤਾਂਤਕਾਰ ਆਪਣੇ ਪ੍ਰਗਤੀਵਾਦੀ ਦ੍ਰਿਸ਼ਟੀਕਣ ਸਦਕਾ ਇਸ ਨੀਤੀ ਨੂੰ ਡੂੰਘਾਈ ਤੱਕ ਪਛਾਣਨ ਦਾ ਸਫਲ ਯਤਨ ਕਰਦਾ ਹੈ। ਵਰਿਆਮ ਸਿੰਘ ਸੰਧੂ ਦੀ ਕਹਾਣੀ 'ਭੱਜੀਆਂ ਬਾਹੀਂ' ਪੰਜਾਬ ਸੰਕਟ ਨਾਲ ਪੈਦਾ ਹੋਏ ਸਮੁੱਚੇ ਦ੍ਰਿਸ਼ ਦਾ ਪ੍ਰਤੀਕਾਤਮਕ ਪ੍ਰਗਟਾਵਾ ਕਰਦੀ ਹੋਈ ਸਥਾਪਤੀ ਦੇ ਮੁਨਾਫ਼ਾਵਾਦੀ, ਫਿਰਕੂ ਅਤੇ ਸੱਤਾਵਾਦੀ ਮਨਸ਼ਿਆਂ ਨੂੰ ਉਘਾੜ ਕੇ ਪੇਸ਼ ਕਰਦੀ ਹੈ।

ਕਹਾਣੀ 'ਭੱਜੀਆਂ ਬਾਹੀਂ' ਦੀ ਉਪਰਲੀ ਪਰਤ ਤਾਂ ਇਹ ਦਸਦੀ ਹੈ ਕਿ ਇਹ ਇਕ ਹਿੰਦੂ ਪਰਿਵਾਰ ਦੀ ਆਰਥਿਕ ਲੜਾਈ ਅਤੇ ਪਰਿਵਾਰਕ ਰਿਸ਼ਤਿਆਂ ਦੀ ਟੁੱਟ-ਭੱਜ ਦੀ ਕਹਾਣੀ ਹੈ ਪਰ ਇਸ ਦੀ ਡੂੰਘ ਸੰਰਚਨਾ ਇਹ ਸੰਕੇਤ ਕਰਦੀ ਹੈ ਕਿ ਇਹ ਕੇਂਦਰ ਵਿਚ ਸਥਾਪਤ ਹੁਕਮਰਾਨ ਵਰਗ ਅਤੇ ਪੰਜਾਬੀ ਜਨ-ਸਾਧਾਰਨ ਵਿਚਲੇ ਸੰਘਰਸ਼ ਦਾ ਬਿਰਤਾਂਤ ਹੈ। "ਇਸ ਕਹਾਣੀ ਦੇ ਚਿੰਨ੍ਹ ਪ੍ਰਬੰਧ ਦੀ ਵਿਆਖਿਆ ਕਰੀਏ ਤਾਂ ਉਹ ਇਉਂ ਹੋਵੇਗੀ ਕਿ ਕੇਵਲ (ਪੰਜਾਬ ਦਾ ਜਨ-ਸਾਧਾਰਨ) ਹੈ; ਜਿਹੜਾ ਸਾਰੇ ਟੱਬਰ ਭਾਵ ਸਮੁੱਚੇ ਭਾਰਤ ਲਈ ਅੰਨ-ਦਾਤਾ ਹੈ।

ਸਰਵਣ ਕੇਂਦਰ ਹੈ, ਜਿਸਦਾ ਮਨੋਰਥ ਅੰਗਰੇਜ਼ਾਂ ਵਾਲੀ ਬਸਤੀਵਾਦੀ ਨੀਤੀ ਰਾਹੀਂ ਕੇਵਲ ਰੂਪੀ ਪੰਜਾਬ (ਦੇ ਜਨ-ਸਾਧਾਰਨ) ਦੀ ਲੁੱਟ-ਖਸੁੱਟ ਕਰਕੇ ਉਸ ਨੂੰ ਅਧੀਨ ਰੱਖਣਾ ਹੈ। ਰਿਟਾਇਰ ਹੋਇਆ ਫੌਜੀ (ਸਰਵਣ ਤੇ ਕੇਵਲ ਦਾ ਭਰਾ) ਉਹ ਸ਼ਕਤੀ ਹੈ ਜਿਹੜੀ ਪੰਜਾਬ ਨੂੰ ਨਾਲ ਰੱਖ ਕੇ ਲੁੱਟਣ ਲਈ ਸਰਵਣ ਦੀ ਮੱਦਦਗਾਰ ਬਣਦੀ ਹੈ। ਪੂਰਾ ਪਰਿਵਾਰ ਭਾਰਤ ਦਾ ਜਨ-ਸਾਧਾਰਨ ਹੈ ਜਿਸ ਨੂੰ ਸਰਵਣ ਸੌ ਪੁੱਠੀਆਂ ਪੱਟੀਆਂ ਪੜ੍ਹਾ ਕੇ ਆਪਣੇ ਨਾਲ ਲਾਉਣ ਦਾ ਸਫਲ ਯਤਨ ਕਰਦਾ ਹੈ। ਇਉਂ ਪੰਜਾਬ (ਦਾ ਜਨ-ਸਾਧਾਰਨ — ਕੇਵਲ) ਉਨ੍ਹਾਂ ਹੱਥੋਂ ਹੀ ਲੁੱਟਿਆ-ਪੁੱਟਿਆ ਜਾਂਦਾ ਹੈ, ਜਿਨ੍ਹਾਂ ਨੂੰ ਉਹ ਵੱਡੇ ਭਰਾ ਜਾਣ ਕੇ ਆਪਣੀਆਂ ਬਾਹਾਂ ਸਮਝਦਾ ਸੀ।"40

**ਪ੍ਰੇਮ** ਪ੍ਰਕਾਸ਼ (ਇਹ ਉਹ ਜਸਬੀਰ ਨਹੀਂ), ਮੋਹਨ ਭੰਡਾਰੀ (ਸਾਂਝ, ਪਾੜ, ਮੂਨ ਦੀ ਅੱਖ), ਅਤਰਜੀਤ (ਵਿੱਥ), ਦਲਬੀਰ ਚੇਤਨ (ਪਰਛਾਵੇਂ), ਬਲਦੇਵ ਸਿੰਘ (ਰਾਤ ਦੀ ਕੁੱਖ ਵਿਚਲਾ ਸੂਰਜ) ਆਦਿ ਦੀਆਂ ਕਹਾਣੀਆਂ ਜਿੱਥੇ ਸਥਾਪਤੀ ਦੀ ਫਿਰਕੂ ਵਿਚਾਰਧਾਰਾ ਵੱਲ ਸੰਕੇਤ ਕਰਦੀਆਂ ਹਨ ਉਥੇ ਨਾਲ ਹੀ ਜਨ-ਸਾਧਾਰਨ ਲਈ ਸੰਪਰਦਾਇਕ ਸਾਂਝ ਦਾ ਪ੍ਰਤਿਮਾਨ ਪੇਸ਼ ਕਰਦੀਆਂ ਹਨ। ਪੰਜਾਬੀ ਬਿਰਤਾਂਤਕ ਪ੍ਰਵਚਨ ਦੀ ਇਹ ਉਸਾਰੂ ਵਿਚਾਰਧਾਰਕ ਪ੍ਰਵਿਰਤੀ ਇਕ ਪਾਸੇ ਕੇਂਦਰੀ ਸਥਾਪਤੀ ਦੇ ਸ਼ੋਸ਼ਣਕਾਰੀ ਅਤੇ ਦਮਨਕਾਰੀ ਵਿਚਾਰਧਾਰਕ ਸਰੋਕਾਰਾਂ ਦਾ ਤਿੱਖਾ ਪ੍ਰਤੀਉੱਤਰ ਸਿਰਜਦੀ ਹੈ ਅਤੇ ਦੂਜੇ ਪਾਸੇ ਸਿੱਖ ਖਾੜਕੂਆਂ ਦੀ ਵਿਚਾਰਧਾਰਾ ਤੋਂ ਵਿੱਥ ਥਾਪਦਿਆਂ ਉਸ ਦੇ ਆਤੰਕਵਾਦੀ ਪੱਖ ਨੂੰ ਵਿਅੰਗ ਦਾ ਨਿਸ਼ਾਨਾ ਬਣਾਉਂਦੀ ਹੈ।

ਉਤਰ-ਸੁਤੰਤਰਤਾ ਕਾਲ ਦੇ ਪੰਜਾਬੀ ਬਿਰਤਾਂਤਕ ਪ੍ਰਵਚਨ ਦਾ ਤੀਜਾ ਰੁਝਾਣ ਉਸ ਵਿਅਕਤੀਵਾਦੀ ਚੇਤਨਾ ਨਾਲ ਸਬੰਧਿਤ ਹੈ ਜਿਹੜੀ ਉਦਯੋਗੀਕਰਨ ਅਤੇ ਸ਼ਹਿਰੀਕਰਨ ਦੀ ਹਫੜਾ-ਦਫੜੀ (ਫੀਰਤ) ਦੀ ਉਪਜ ਸੀ। ਇਸ ਰੁਝਾਣ ਦੇ ਵਿਚਾਰਧਾਰਕ ਸਰੂਪ ਨੂੰ ਆਧੁਨਿਕਵਾਦ ਦਾ ਨਾਂ ਵੀ ਦਿੱਤਾ ਜਾਂਦਾ ਹੈ। "ਸਮਾਜਕ ਜੀਵਨ ਦੇ ਅੰਤਰ-ਵਿਰੋਧ ਆਧੁਨਿਕ ਮਨੁੱਖ ਦੀ ਚੇਤਨਾ ਵਿਚ ਵਿਕਰਾਲ ਯਥਾਰਥ ਦੇ ਰੂਪ ਵਿਚ ਫੈਲਦੇ ਹਨ। ਇਕ ਪਾਸੇ ਉਹ ਪੁਲਾੜ ਯੁਗ ਅਤੇ ਤਕਨਾਲੋਜੀ ਦੀਆਂ ਹੈਰਾਨ ਕਰ ਦੇਣ ਵਾਲੀਆਂ ਪ੍ਰਾਪਤੀਆਂ ਉਤੇ ਗੌਰਵ ਅਨੁਭਵ ਕਰਦਾ ਹੈ ਅਤੇ ਦੂਜੇ ਬੰਨੇ ਪਰਮਾਣੂ ਸ਼ਕਤੀ ਅਤੇ ਜੰਗ ਦੀ ਅਪਾਰ ਵਿਨਾਸ਼ਕਾਰੀ ਸੰਭਾਵਨਾ ਦਾ ਨਿਰੰਤਰ ਤ੍ਰਾਸ ਹਰ ਪਲ ਉਸ ਦੀ ਚੇਤਨਾ ਦੇ ਨਾਲ ਤੁਰਦਾ ਹੈ। ਇਕ ਪਾਸੇ ਮਨੁੱਖੀ ਚੇਤਨਾ ਤੇ ਸ਼ਕਤੀ ਦੀ ਅਪਾਰ ਸੰਭਾਵਨਾ ਦੇ ਝਲਕਾਰੇ ਉਸ ਦੀ ਕਲਪਨਾ ਵਿਚ ਵਿਸ਼ਵ-ਅਮਨ ਅਤੇ ਉਜਲ ਭਵਿੱਖ ਦੇ ਸੁਪਨੇ ਲਟਕਾਂਦੇ ਹਨ ਅਤੇ ਦੂਜੇ ਪਾਸੇ ਪੂੰਜੀਵਾਦ ਤੇ ਸਾਮਰਾਜ ਦੀ ਅਪਾਰ ਲਾਲਸਾ ਹੈ ਜੋ ਅਮਨ ਅਤੇ ਮਨੁੱਖੀ ਖੁਸ਼ਹਾਲੀ ਦੀਆਂ ਸਮੂਹ ਸ਼ਕਤੀਆਂ ਨੂੰ ਆਪਣੇ ਸਵਾਰਥ ਲਈ ਲਾਮਬੰਦ ਕਰਨ ਲਈ ਤਤਪਰ ਨਜ਼ਰ ਆਉਂਦੀ ਹੈ। ਯਥਾਰਥ ਦੇ ਦਵੰਦ ਦੀ ਇਹ ਸਥਿਤੀ ਬੜੀ ਵਿਕਰਾਲ ਹੈ। ਆਧੁਨਿਕਵਾਦੀ ਚੇਤਨਾ ਆਪਣੇ ਆਤਮਪਰਕ ਚਰਿਤਰ ਦੀ ਪ੍ਰੇਰਣਾ ਦੇ ਕਾਰਨ ਇਸ ਦੀ ਵੰਗਾਰ ਨੂੰ ਪ੍ਰਵਾਨ ਕਰਨ ਦੇ ਸਮਰੱਥ ਨਹੀਂ।"41 ਇਸ ਵਿਚਾਰਧਾਰਾ ਤੋਂ ਪ੍ਰੇਰਤ ਪੰਜਾਬੀ ਬਿਰਤਾਂਤ ਵਿਚ ਸਹਿਮੀ ਅਤੇ ਥਿੜਕੀ ਮਾਨਸਿਕਤਾ ਵਾਲੇ ਉਸ ਲਘੂ ਮਨੁੱਖ ਨੂੰ ਕੇਂਦਰੀ ਪਾਤਰ ਬਣਾਇਆ ਜਾਣ ਲਗਦਾ ਹੈ ਜਿਸ ਦੇ ਡਰ, ਸਹਿਮ, ਸਵਾਰਥ, ਵਹਿਮ, ਬੇਗਾਨਗੀ, ਹੀਣ-ਭਾਵ, ਅਪਰਾਧ ਬੋਧ, ਉਦੇਸ਼ਹੀਣਤਾ ਆਦਿ ਉਸ ਨੂੰ ਅਸਤਿੱਤਵੀ ਸੰਕਟ ਦਾ ਸ਼ਿਕਾਰ ਬਣਾ ਦਿੰਦੇ ਹਨ। ਇਸ ਲਈ ਇਹ ਪੰਜਾਬੀ ਬਿਰਤਾਂਤਕ ਪ੍ਰਵਚਨ ਅਸਤਿੱਤਵਵਾਦੀ ਵਿਚਾਰਧਾਰਕ ਅਧਾਰਾਂ ਵਾਲਾ ਹੈ।

ਪੰਜਾਬੀ ਬਿਰਤਾਂਤ ਦੇ ਇਤਿਹਾਸ ਵਿਚ ਇਹ ਰੁਝਾਣ 1960 ਦੇ ਕਰੀਬ ਪ੍ਰਯੋਗਵਾਦੀ ਲਹਿਰ ਦੇ ਪ੍ਰਭਾਵਾਂ ਨਾਲ ਪੈਦਾ ਹੁੰਦਾ ਹੈ ਅਤੇ ਦੂਸਰੇ ਸਾਹਿਤ-ਰੂਪਾਂ ਵਾਂਗ ਬਿਰਤਾਂਤ ਨੂੰ ਵੀ ਪ੍ਰਭਾਵਿਤ ਕਰਨ ਲਗਦਾ ਹੈ। ਭਾਵੇਂ ਇਹ ਰੁਝਾਣ ਵਸਤੂ-ਸਥਿਤੀ ਦੇ ਵਾਸਤਵਿਕ ਪ੍ਰੇਰਕਾਂ ਦੀ ਥਾਂ ਪੱਛਮ ਦੇ ਗਿਆਨ-ਸਾਹਿਤ ਤੋਂ ਵਧੇਰੇ ਪ੍ਰੇਰਿਤ ਸੀ ਪਰ ਪੰਜਾਬ ਵਿਚ ਇਸ ਦੇ ਹੋਂਦ ਗ੍ਰਹਿਣ ਕਰਨ ਲਈ ਅਨੁਕੂਲ ਪ੍ਰਸਥਿਤੀਆਂ ਦਾ ਮੂਲੋਂ ਅਭਾਵ ਵੀ ਨਹੀਂ ਸੀ। ਸਨਅਤੀਕਰਨ ਦੇ ਪਾਸਾਰ, ਨੌਕਰੀ-ਖੇਤਰ ਵਿਚ ਵਾਧੇ ਅਤੇ ਨਿੱਜੀ ਕਾਰੋਬਾਰ ਰਾਹੀਂ ਸ਼ਹਿਰਾਂ ਵਿਚ ਵਸੇਬੇ ਕਰਨ ਨਾਲ ਪੰਜਾਬੀ ਮੱਧਵਰਗ ਉਤੇ ਪੈਸਾ-ਪ੍ਰਧਾਨ ਕਦਰਾਂ-ਕੀਮਤਾਂ ਅਤੇ ਵਿਅਕਤੀਗਤ ਲਾਲਸਾਵਾਂ ਦਾ ਪ੍ਰਭਾਵ ਵਧਣ ਲੱਗ ਪਿਆ ਸੀ। ਭਾਈਚਾਰਕ ਸਮੂਹਿਕ-ਚੇਤਨਾ ਦਾ ਰੂਪਾਂਤਰਣ ਵਿਅਕਤੀਵਾਦੀ ਭਾਵ-ਬੋਧ ਵਿਚ ਹੋਣਾ ਲਾਜ਼ਮੀ ਸੀ। ਦੂਜੀ ਵਿਸ਼ਵ-ਜੰਗ ਵਿਚ ਐਟਮੀ ਹਥਿਆਰਾਂ ਨਾਲ ਹੋਈ ਵਿਆਪਕ ਮਨੁੱਖੀ ਤਬਾਹੀ ਨੇ ਪੱਛਮ ਵਿਚ ਆਧੁਨਿਕ ਚੇਤਨਾ ਦੇ ਮਾਰੂ ਪੱਖ ਦਾ ਬੋਧ ਵੀ ਭਲੀ-ਭਾਂਤ ਕਰਵਾ ਦਿੱਤਾ ਸੀ। ਵਿਗਿਆਨਕ ਜੁਗਤਾਂ ਅਤੇ ਬਸਤੀਵਾਦੀ ਸਾਮਰਾਜ ਦੇ ਗੱਠਜੋੜ ਦਾ ਮਨੁੱਖ ਵਿਰੋਧੀ ਚਿਹਰਾ ਪੰਜਾਬੀ ਦ੍ਰਿਸ਼ਟੀ ਪਹਿਲਾਂ ਹੀ ਬਹੁਤ

ਨੇੜਿਓਂ ਵੇਖ ਚੁੱਕੀ ਸੀ। ਇਸ ਲਈ ਨਿਰੋਲ ਵਿਗਿਆਨ ਜਾਂ ਆਧੁਨਿਕ ਚਿੰਤਨ ਰਾਹੀਂ ਮਨੁੱਖੀ ਵਿਕਾਸ ਦੀ ਮਿੱਥ ਟੁੱਟਣ ਨਾਲ ਅਸਤਿੱਤਵਵਾਦੀ ਬਿਰਤਾਂਤਕ ਪ੍ਰਵਚਨ ਨੂੰ ਉਚੇਚਾ ਬਲ ਮਿਲਿਆ।

ਪੱਛਮ ਵਿਚ ਜਦ ਅਧੁਨਿਕਵਾਦੀ ਚਿੰਤਨ ਦਾ ਪਾਸਾਰ ਹੋਇਆ ਸੀ ਤਾਂ ਉਸ ਦੇ ਮੂਲ ਪ੍ਰੇਰਕਾਂ ਵਿਚ ਦੂਜੇ ਵਿਸ਼ਵ ਯੁੱਧ ਦੇ ਮਾਰੂ ਅਸਰਾਂ ਦਾ ਵੱਡਾ ਹੱਥ ਸੀ। ਉਸ ਸਮੇਂ ਸਭਿਅਤਾ ਦੇ ਵਿਕਾਸ ਦੇ ਸੰਕਲਪ ਬਾਰੇ ਪੁਨਰ-ਚਿੰਤਨ ਦਾ ਆਰੰਭ ਹੋਇਆ ਸੀ ਭਾਵੇਂ ਕਿ ਉਸ ਦੀ ਸੁਰ ਵਧੇਰੇ ਕਰਕੇ ਨਿਰਾਸ਼ਾਵਾਦੀ ਹੀ ਸੀ। "ਅੰਗਰੇਜ਼ੀ ਸਾਹਿਤ ਵਿਚ ਇਸ ਦੇ (ਆਧੁਨਿਕਵਾਦ ਦੇ) ਖ਼ਾਸ ਨਿਸਚਤ ਵਿਚਾਰਧਾਰਾਈ ਅਰਥ ਸਨ, ਜਿਨ੍ਹਾਂ ਦਾ ਮੂਲ ਮੁੱਦਾ ਇਹ ਸੀ ਕਿ ਮਨੁੱਖਤਾ ਲਈ ਆਸ ਤੇ ਰੋਸ਼ਨੀ ਸਿਰਫ਼ ਭੂਤ ਵਿਚ ਸੀ ਅਤੇ ਭਵਿੱਖ; ਨਿਰਸੰਦੇਹ ਹਨੇਰਾ ਸੀ। ਸਭਿਅਤਾ ਦੇ ਵਿਕਾਸ ਨਾਲ ਬੰਦੇ ਦੀ ਮਾਨਵਤਾ ਦਿਨ-ਬਦਿਨ ਉਸ ਤੋਂ ਖੁਸਦੀ ਜਾ ਰਹੀ ਹੈ ਅਤੇ ਰੋਸ਼ਨੀ ਉਸ ਦੇ ਬਾਹਰ ਨਹੀਂ ਬਲਕਿ ਅੰਦਰ ਹੈ।"42

ਆਧੁਨਿਕਵਾਦੀ ਪੰਜਾਬੀ ਬਿਰਤਾਂਤਕ ਪ੍ਰਵਚਨ ਵਿਚ ਮਨੁੱਖ ਦੀ ਮਾਨਸਿਕ ਵਿਆਕੁਲਤਾ ਨੂੰ ਇਤਿਹਾਸਕ ਅਤੇ ਰਾਜਨੀਤਕ ਕੋਣ ਦੀ ਥਾਂ ਵਧੇਰੇ ਕਰਕੇ ਪ੍ਰਕਿਰਤੀਵਾਦੀ ਕੋਣ ਤੋਂ ਖੜ੍ਹ ਕੇ ਦੇਖਣ ਦਾ ਯਤਨ ਕੀਤਾ ਗਿਆ ਹੈ। ਇਸ ਨਾਲ ਇਹ ਪ੍ਰਸ਼ਨ ਅਗਰਭੂਮਿਤ ਹੁੰਦਾ ਹੈ ਕਿ ਕੀ ਮਨੁੱਖ ਆਪਣੇ ਮੂਲ ਸੁਭਾਅ ਜਾਂ ਪ੍ਰਕਿਰਤੀ ਵਜੋਂ ਹੀ ਸੁਆਰਥੀ, ਵਿਅਕਤੀਵਾਦੀ, ਹਿੰਸਕ, ਭੈਗ੍ਰਸਤ, ਆਪਹੁਦਰਾ, ਫਜ਼ੂਲ, ਇਕੱਲਾ, ਵਿਆਕੁਲ ਆਦਿ ਤਾਂ ਨਹੀਂ ?43

ਜੇ ਅਜਿਹਾ ਨਹੀਂ ਤਾਂ ਸਭਿਅਤਾ ਦੇ ਵਿਕਾਸ ਜਾਂ ਮਨੁੱਖ ਦੇ ਵਿਗਸਣ ਨਾਲ ਮਾਨਵਤਾ ਵਿਕਸਤ ਹੋਣ ਦੀ ਥਾਂ ਖੁਰਦੀ ਕਿਉਂ ਜਾ ਰਹੀ ਹੈ ?

ਇਸ ਨਜ਼ਰੀਏ ਤੋਂ ਪੂੰਜੀਵਾਦੀ ਹਫੜਾ-ਦਫੜੀ ਦੇ ਸੰਦਰਭ ਵਿਚ ਮਨੁੱਖੀ-ਵਿਹਾਰ ਨੂੰ ਆਪਣੀਆਂ ਬਿਰਤਾਂਤਕ ਰਚਨਾਵਾਂ ਦਾ ਆਧਾਰ ਬਣਾਉਣ ਵਾਲੇ ਪੰਜਾਬੀ ਰਚਨਾਕਾਰਾਂ ਵਿਚ ਸੁਰਜੀਤ ਸਿੰਘ ਸੇਠੀ, ਨਰਿੰਜਨ ਤਸਨੀਮ, ਸੁਰਜੀਤ ਹਾਂਸ, ਪ੍ਰੇਮ ਪ੍ਰਕਾਸ਼, ਰਵਿੰਦਰ ਰਵੀ ਆਦਿ ਪ੍ਰਮੁੱਖ ਹਨ। ਇਨ੍ਹਾਂ ਬਿਰਤਾਂਤਕਾਰਾਂ ਦੀ ਰਚਨਾ-ਦ੍ਰਿਸ਼ਟੀ ਪ੍ਰਤੱਖ ਰੂਪ 'ਚ ਇਤਿਹਾਸਵਾਦੀ ਨਹੀਂ, ਇਸ ਲਈ ਪ੍ਰਗਤੀਵਾਦੀ ਆਲੋਚਕਾਂ ਵੱਲੋਂ ਇਨ੍ਹਾਂ ਦੀ ਤਿੱਖੀ ਆਲੋਚਨਾ ਕੀਤੀ ਗਈ ਹੈ। ਪੰਜਾਬੀ ਦੇ ਕਹਾਣੀ ਬਿਰਤਾਂਤ ਦੇ ਪ੍ਰਸੰਗ ਵਿਚ ਕੀਤੀ ਟਿੱਪਣੀ ਵਿਚ ਟੀ.ਆਰ. ਵਿਨੋਦ ਨੇ ਕੁਝ ਅਜਿਹੀ ਤਿੱਖੀ ਸੁਰ 'ਚ ਲਿਖਿਆ ਹੈ, "ਇਸ 'ਆਧੁਨਿਕਵਾਦੀ' ਰਚਨਾ-ਦ੍ਰਿਸ਼ਟੀ ਤੋਂ ਪ੍ਰੇਰਿਤ ਨਵੀਂ ਕਹਾਣੀ ਦੀ ਮੁੱਖ ਧਾਰਨਾ ਇਹ ਹੈ ਕਿ ਮਨੁੱਖ ਪ੍ਰਕਿਰਤੀ ਵਜੋਂ ਇਕੱਲਾ, ਖ਼ੁਦਗਰਜ਼, ਹੋਛਾ ਅਤੇ ਨਿਗੂਣਾ ਹੈ। ਪ੍ਰਕਿਰਤੀ ਤੋਂ ਸੰਸਕ੍ਰਿਤੀ ਵੱਲ ਦੀ ਯਾਤਰਾ, ਮਨੁੱਖੀ ਸੁਭਾਵ ਦੇ ਪਰਿਵਰਤਨ ਦੀ ਲਖਾਇਕ ਨਹੀਂ, ਉਸ ਉਤੇ ਪਰਦੇ ਦੀ ਜਾਂ ਦਬਾਓ ਦੀ ਸੂਚਕ ਹੈ। ਇਕੱਲਾ ਮਨੁੱਖ ਪ੍ਰਕਿਰਤੀ ਦੀਆਂ ਸ਼ਕਤੀਆਂ ਸਾਹਵੇਂ ਨਿਤਾਣਾ ਹੈ ਇਸ ਲਈ ਉਹ ਇਨ੍ਹਾਂ ਉਤੇ ਕਾਬੂ ਪਾਉਣ ਲਈ ਸੰਸਕ੍ਰਿਤੀ ਦੀ ਸਿਰਜਣਾ ਕਰਦਾ ਹੈ। ਪਰ ਆਪਣੀ ਸਿਰਜਣਾ ਨਾਲ ਵੀ ਉਹ ਅਪਣੱਤ ਦਾ ਰਿਸ਼ਤਾ ਕਾਇਮ ਨਹੀਂ ਕਰ ਸਕਦਾ ਕਿਉਂਕਿ ਇਸ ਸਿਰਜਣਾ ਦਾ ਸੁਭਾਅ ਸਮਾਜਿਕ ਹੈ ਅਤੇ ਮਨੁੱਖ ਦਾ ਆਪਣਾ ਆਪਾ 'ਇਕੱਲਤਾ' ਅਤੇ 'ਗਰਜ਼' ਦਾ ਗੁਲਾਮ ਹੈ। ਇਸ ਪ੍ਰਕਾਰ ਗੁਲਾਮੀ ਮਨੁੱਖ ਦੀ ਹੋਣੀ ਹੈ ਜਿਸ ਤੋਂ ਬਚਾਓ ਦਾ ਕੋਈ ਰਾਹ ਨਹੀਂ। ਸੋ ਸੰਕਟ ਸਦੀਵੀ ਹੈ ਜਿਸ ਦਾ ਸਬੰਧ ਵਿਸ਼ੇਸ਼ ਭਾਂਤ ਦੀ ਸੰਸਕ੍ਰਿਤੀ ਨਾਲ ਨਹੀਂ ਹੈ ਸਗੋਂ ਮਨੁੱਖੀ ਪ੍ਰਕਿਰਤੀ ਦੀ ਅਟੱਲਤਾ ਨਾਲ ਹੈ। ਮਨੁੱਖ ਦੀ ਹੋਂਦ ਬਾਬਤ ਆਪਣੀ ਇਸ ਅਣਇਤਿਹਾਸਕ ਪਹੁੰਚ ਸਦਕਾ ਆਧੁਨਿਕਵਾਦੀ ਨਵੀਂ ਕਹਾਣੀ ਵਿਅਕਤੀ ਦੇ ਅਟੱਲ ਸੰਕਟ, ਵਿਸ਼ਾਦ ਅਤੇ ਨਿਰਾਸ਼ਤਾ ਦੀ ਬਾਤ ਪਾਉਂਦੀ ਹੈ।"44

ਆਧੁਨਿਕਵਾਦੀ ਪੰਜਾਬੀ ਕਹਾਣੀ ਆਪਣੀ ਕੇਂਦਰੀ ਧੁਨੀ ਵਜੋਂ ਉਠਾਏ ਗਏ ਪ੍ਰਸ਼ਨਾਂ ਦੇ ਇਤਿਹਾਸਕ ਦ੍ਰਿਸ਼ਟੀ ਤੋਂ ਉੱਤਰ ਨਹੀਂ ਦਿੰਦੀ ਅਤੇ ਨਾ ਹੀ ਪ੍ਰਸ਼ਨਾਂ ਦੀ ਉਤਪਤੀ ਦੇ ਪ੍ਰੇਰਕਾਂ ਦਾ ਸਪੱਸ਼ਟ ਬੋਧ ਕਰਾਉਂਦੀ ਹੈ। ਇਸ ਪੱਖੋਂ ਵੀ ਇਹ ਇਤਿਹਾਸਮੁਖੀ ਪ੍ਰਗਤੀਵਾਦੀ ਆਲੋਚਨਾ ਦੇ ਤ੍ਰਿਸਕਾਰ ਦੀ ਭਾਗੀ ਬਣਦੀ ਹੈ। ਪ੍ਰਸਿੱਧ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਸਬੰਧੀ ਅਜਿਹੇ ਵਿਚਾਰ ਪ੍ਰਗਟਾਏ ਗਏ ਮਿਲਦੇ ਹਨ, "ਪ੍ਰੇਮ ਪ੍ਰਕਾਸ਼ ਦੀ ਪੁਸਤਕ ਮੁਕਤੀ ਦੀਆਂ ਕਹਾਣੀਆਂ ਦੀ ਪਿਛਲੇ ਦਿਨੀਂ ਬੜੀ ਚਰਚਾ ਹੋਈ ਹੈ। ਇਨ੍ਹਾਂ ਕਹਾਣੀਆਂ ਦੇ ਪਾਤਰ ਸ਼ਹਿਰੀ ਨਵ-ਧਨੀ ਸ਼੍ਰੇਣੀ ਨਾਲ ਸਬੰਧਿਤ ਹਨ ਜਿਨ੍ਹਾਂ ਦੇ ਜੀਵਨ ਵਿਚ ਜੇ ਕੋਈ ਸਮੱਸਿਆ ਹੈ ਤਾਂ ਕਾਮ-ਸੰਬੰਧਾਂ ਦੀ ਹੈ। ਇਹ ਸਮੱਸਿਆ ਉਸ ਨੇ ਇੰਜ ਪੇਸ਼ ਕੀਤੀ ਹੈ ਜਿਵੇਂ ਇਸ ਦਾ ਨਿਬੇੜਾ ਅਸੰਭਵ ਹੋਵੇ। 'ਡੈਡ ਲਾਈਨ', 'ਮੁਕਤੀ', 'ਘਰ' ਕਹਾਣੀਆਂ ਦੇ ਇਸਤਰੀ ਪਾਤਰ ਵਿਆਹ-ਅੰਦਰਲੇ ਜਿਨਸੀ ਸਬੰਧਾਂ ਤੋਂ ਵੀ

ਅੰਸਤੁਸ਼ਟ ਹਨ ਅਤੇ ਵਿਆਹ-ਬਾਹਰੇ ਸਬੰਧਾਂ ਤੋਂ ਵੀ। ਉਨ੍ਹਾਂ ਦੀ ਤ੍ਰਿਪਤੀ ਕਿਸ ਗੱਲ ਵਿਚ ਹੈ, ਇਸ ਦਾ ਗਿਆਨ ਨਾ ਉਨ੍ਹਾਂ ਨੂੰ ਹੈ, ਨਾ ਕਹਾਣੀਕਾਰ ਨੂੰ ਅਤੇ ਨਾ ਹੀ ਪਾਠਕ ਦੇ ਪੱਲੇ ਕੁਝ ਪੈਂਦਾ ਹੈ। ਇੰਜ ਲਗਦਾ ਹੈ ਜਿਵੇਂ 'ਅਤ੍ਰਿਪਤੀ' ਮਨੁੱਖ ਦੀ ਸਦੀਵੀ ਹੋਣੀ ਹੋਵੇ। ਪ੍ਰਵਾਨਿਤ ਕਾਮ-ਸਬੰਧਾਂ ਤੋਂ ਵਰਜਿਤ ਕਾਮ-ਸਬੰਧਾਂ ਤੱਕ ਦੀ ਉਨ੍ਹਾਂ ਦੀ ਯਾਤਰਾ ਵਿਚ ਇਕ ਵੀ ਪੜਾ ਅਜਿਹਾ ਨਹੀਂ ਆਉਂਦਾ ਜਿੱਥੇ ਉਨ੍ਹਾਂ ਦੀ ਭਟਕਣ ਇਕ ਪਲ ਲਈ ਵੀ ਸ਼ਾਂਤ ਹੁੰਦੀ ਹੋਵੇ। ਪ੍ਰਭਾਵ ਇਹ ਪੈਂਦਾ ਹੈ ਕਿ ਮੁਕਤੀ ਦੀ ਤਲਾਸ਼ ਬੇਅਰਥ ਹੈ। ਇਸ ਨਾਮ ਦੀ ਸ਼ੈ ਕੋਈ ਹੈ ਹੀ ਨਹੀਂ। ਆਰਥਿਕ ਸੁਖ-ਸੁਵਿਧਾ, ਸਮਾਜਿਕ ਹੈਸੀਅਤ, ਧਾਰਮਿਕ ਵਿਸ਼ਵਾਸ, ਪਤੀ-ਪਤਨੀ ਸਬੰਧ, ਪਿਆਰ ਅਤੇ ਜਿਨਸੀ ਸੰਭੋਗ — ਸੰਖੇਪ ਵਿਚ ਪ੍ਰਕਿਰਤੀ ਜਾਂ ਸੰਸਕ੍ਰਿਤੀ ਦਾ ਕੋਈ ਵੀ ਰੂਪ ਵਿਅਕਤੀ ਦੇ ਆਪੇ ਨੂੰ ਤ੍ਰਿਪਤੀ ਦੇਣ ਦੀ ਸਮਰੱਥਾ ਨਹੀਂ ਰਖਦਾ। ਜੇ ਸਥਿਤੀ ਇਤਨੀ ਨਿਰਾਸ਼ਾਜਨਕ ਹੈ ਤਾਂ ਕਦਰਾਂ-ਕੀਮਤਾਂ ਦੀ ਗੱਲ ਫਜੂਲ ਹੈ, ਸੰਘਰਸ਼ ਬੇਅਰਥ ਹੈ, ਮੁਲਾਂਕਣ ਦਾ ਕੋਈ ਮਤਲਬ ਨਹੀਂ।"45

**ਪ੍ਰੇਮ** ਪ੍ਰਕਾਸ਼ ਦੀਆਂ ਕਹਾਣੀਆਂ ਇਸ ਕਿਸਮ ਦੀਆਂ ਅਣਇਤਿਹਾਸਕ ਜਾਂ ਨਿਰੋਲ ਕਾਲਪਨਿਕ ਖਿਆਲਾਂ ਉਤੇ ਉਸਰੀਆਂ ਹੋਈਆਂ ਵੀ ਨਹੀਂ ਜਿਵੇਂ ਕਿ ਉਪਰੋਕਤ ਟਿੱਪਣੀ 'ਚ ਦੋਸ਼ ਲਾਇਆ ਗਿਆ ਹੈ। ਇਨ੍ਹਾਂ ਦੀ ਪੜ੍ਹਤ ਪਾਠਕ ਦੇ ਮਨ ਵਿਚ ਇਹ ਸਾਰਥਕ ਪ੍ਰਸ਼ਨ ਜ਼ਰੂਰ ਪੈਦਾ ਕਰਦੀ ਹੈ ਕਿ ਉਸ ਦੇ ਪਾਤਰ ਸਭ ਕੁਝ ਹੁੰਦੇ ਸੁੰਦੇ ਵੀ ਅਤ੍ਰਿਪਤ ਕਿਉਂ ਮਹਿਸੂਸ ਕਰਦੇ ਹਨ ?ੳ ਲੇਖਕ ਦਾ ਮੂਲ ਮਕਸਦ ਪਾਤਰ ਦੇ ਵਿਹਾਰ ਰਾਹੀਂ ਅਜਿਹੇ ਪ੍ਰਸ਼ਨ ਉਭਾਰਨਾ ਹੀ ਹੁੰਦਾ ਹੈ। ਉਸ ਦੇ ਪ੍ਰੇਰਕਾਂ ਬਾਰੇ ਜਾਂ ਉੱਤਰ ਲੱਭਣ ਦਾ ਕਾਰਜ ਚਿੰਤਕ ਦਾ ਹੁੰਦਾ ਹੈ। ਜਿਵੇਂ ਨਾਟਕਕਾਰ ਇਬਸਨ ਦਾ ਕਥਨ ਹੈ, "ਮੇਰਾ ਸਰੋਕਾਰ ਪ੍ਰਸ਼ਨ ਉਭਾਰਨ ਨਾਲ ਹੈ, ਜਵਾਬ ਦੇਣ ਨਾਲ ਨਹੀਂ। ਇਸੇ ਤਰ੍ਹਾਂ ਚੈਖੋਵ ਦਾ ਕਹਿਣਾ ਹੈ, ਲੇਖਕ ਦਾ ਫਰਜ਼ ਕੇਵਲ ਤਰਕਮਈ (Reasonable) ਪ੍ਰਸ਼ਨ ਉਭਾਰਨਾ ਹੁੰਦਾ ਹੈ। ਬਹੁਤ ਸਾਰੇ ਥਾਵਾਂ ਤੇ ਤਾਲਸਤਾਏ ਵਰਗੇ ਲੇਖਕ ਵੀ ਤਰਕਵਿਹੂਣੇ (unreasonable) ਜਵਾਬ ਦੇ ਬੈਠਦੇ ਹਨ, ਪਰ ਇਹ ਕੋਈ ਰਚਨਾ ਨੂੰ ਅਪ੍ਰਮਾਣਿਕ (invalidate) ਨਹੀਂ ਬਣਾ ਦਿੰਦਾ ਜੇ ਉਹ ਰਚਨਾ ਤਰਕਮਈ ਪ੍ਰਸ਼ਨ ਉਤੇ ਅਧਾਰਿਤ ਹੋਵੇ।"46

**ਪ੍ਰੇਮ** ਪ੍ਰਕਾਸ਼ ਦੇ ਪਾਤਰਾਂ ਦੀ ਅਤ੍ਰਿਪਤੀ ਦੀਆਂ ਜੜ੍ਹਾਂ ਉਚ-ਮੱਧਵਰਗ ਦੀ ਸੁਤੰਤਰਤਾ ਦੀ ਨਿਰੰਕੁਸ਼ ਖਾਹਸ਼ ਵਿਚ ਸਥਿਤ ਹਨ। ਇਹ ਖਾਹਸ਼ ਨਿਸਚੇ ਹੀ ਮੱਧਵਰਗੀ ਵਿਅਕਤੀ ਦੇ ਸਮੂਹਿਕ ਚੇਤਨਾ ਤੋਂ ਅਭਿੱਜ ਹੋਣ ਅਤੇ ਭਰਪੂਰ ਸਵੈ-ਤ੍ਰਿਪਤੀ ਨੂੰ ਸਰਵੋਤਮ ਪ੍ਰਤਿਮਾਨ ਮਿੱਥ ਲੈਣ ਉਪਰੰਤ ਪ੍ਰਚੰਡ ਹੁੰਦੀ ਹੈ। ਪੂੰਜੀਵਾਦੀ ਵਿਵਸਥਾ ਦੀ ਆਮਦ ਪੰਜਾਬ ਦੇ ਇਕ ਸੀਮਤ ਪਰ ਸੰਪੰਨ ਵਰਗ ਲਈ ਅਜਿਹੀ ਸੁਤੰਤਰਤਾ ਜਾਂ ਅਰਾਜਕ ਚੇਤਨਾ ਲਈ ਜ਼ਮੀਨ ਤਿਆਰ ਕਰ ਦਿੰਦੀ ਹੈ। ਅੱਗੇ ਜਾ ਕੇ ਉਪਭੋਗਤਾਵਾਦ ਇਸੇ ਚੇਤਨਾ ਦੀ ਸਿਖਰ ਹੁੰਦਾ ਹੈ। ਅਸਤਿੱਤਵਵਾਦੀ ਪੰਜਾਬੀ ਬਿਰਤਾਂਤ ਦੀ ਭੂਮਿਕਾ ਪੂੰਜੀਵਾਦੀ ਦੌਰ ਦੇ ਅਜਿਹੇ ਅਸਾਵੇਂ ਵਿਕਾਸ ਦਾ ਯਥਾਰਥ ਉਘਾੜਨ ਵਿਚ ਨਿਹਤ ਹੈ। ਇਸ ਲਈ ਅਸਿੱਧੇ ਰੂਪ ਵਿਚ ਅਜਿਹਾ ਬਿਰਤਾਂਤ ਸਥਾਪਤੀ ਦੇ ਪੂੰਜੀਵਾਦੀ ਹਿਤਾਂ ਉਪਰ ਆਲੋਚਨਾਤਮਕ ਝਾਤ ਹੋ ਨਿਬੜਦਾ ਹੈ।

ਸਮੁੱਚੇ ਰੂਪ 'ਚ ਵੇਖੀਏ ਤਾਂ ਉਤਰ-ਸੁਤੰਤਰਤਾ ਕਾਲ ਦੇ ਤਿੰਨੇ ਬਿਰਤਾਂਤਕ ਰੁਝਾਣ ਹੀ ਆਪਣੇ ਆਪਣੇ ਵਿਚਾਰਧਾਰਕ ਸਰੋਕਾਰਾਂ ਅਨੁਸਾਰ ਇਕ ਪਾਸੇ ਆਧੁਨਿਕ ਚਿੰਤਨ ਅਤੇ ਪੂੰਜੀਵਾਦ ਦੇ ਮਨੁੱਖਪੱਖੀ ਖਾਸੇ ਨੂੰ ਪ੍ਰਗਤੀਸ਼ੀਲ ਮੰਨਦਿਆਂ ਇਸ ਨੂੰ ਕਲਿਆਣਕਾਰੀ ਮੰਨਦੇ ਹਨ ਅਤੇ ਦੂਜੇ ਪਾਸੇ ਸਥਾਪਤੀ ਵੱਲੋਂ ਵਿਗਿਆਨਕ ਤਕਨੀਕ, ਆਧੁਨਿਕ ਚਿੰਤਨ ਅਤੇ ਸਰਮਾਏ ਨੂੰ ਇਕ ਜੁਗਤ ਵਜੋਂ ਵਰਤ ਕੇ ਆਪਣੀ ਰਾਜਸੀ ਹੋਂਦ ਨੂੰ ਪੱਕੀ-ਪੀਢੀ ਅਤੇ ਚਿਰਸਥਾਈ ਬਣਾਈ ਰੱਖਣ ਦਾ ਪਾਜ ਉਘਾੜਦੇ ਹਨ। ਉਤਰ-ਸੁਤੰਤਰਤਾ ਕਾਲ ਦੇ ਪੰਜਾਬੀ ਬਿਰਤਾਂਤਕ ਪ੍ਰਵਚਨ ਦਾ ਸਰੂਪ ਪ੍ਰਮੁੱਖ ਤੌਰ ਤੇ ਵਸਤੂਮੁਖੀ (ਰਲਹਕਫਵਜਡਕ) ਸੁਭਾਅ ਵਾਲਾ ਰਹਿੰਦਾ ਹੈ ਅਤੇ ਪ੍ਰਯੋਜਨ ਪੂੰਜੀਵਾਦ ਦੇ ਅਮਾਨਵੀ ਚਰਿਤਰ ਵਿਰੁੱਧ ਸੰਘਰਸ਼ ਦਾ ਪ੍ਰਤਿਮਾਨ ਸਿਰਜਣ ਵਾਲਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਰਤਨ ਸਿੰਘ ਜੱਗੀ (ਸੰਪਾ.), ਜੰਗ **ਸਿੰਘਾਂ ਤੇ ਫਰੰਗੀਆਂ,** ਪੰਨਾ 37.
2. ਕਿਰਪਾਲ ਸਿੰਘ ਨਾਰੰਗ, "ਪੰਜਾਬ 1849 ਤੋਂ 1900 ਈ. ਤੱਕ", ਗੰਡਾ ਸਿੰਘ (ਸੰਪਾ.), ਪੰਜਾਬ, ਪੰਨਾ 19-20.

3. "ਰਿਪੋਰਟ ਆਨ ਦੀ ਐਡਮਨਿਸਟ੍ਰੇਸ਼ਨ ਆਫ਼ ਪੰਜਾਬੀ ਟੈਰੀਟਰੀਜ਼ : 1854-1855 ਤੋਂ 1855-1856", ਉਦਰਿਤ ਤਾਰਾ ਸਿੰਘ, ਭਾਰਤੀ **ਸੁਤੰਤਰਤਾ ਅੰਦੋਲਨ ਦਾ ਇਤਿਹਾਸ,** ਜਿਲਦ ॅ, ਪੰਨਾ 432.
4. ਉਹੀ, ਪੰਨਾ 461.
5. ਖੁਸਵੰਤ ਸਿੰਘ, ਸਿੱਖ **ਹਿਸਟਰੀ (1469-1988),** ਪੰਨਾ 279.
6. ਸੰਗਤ ਸਿੰਘ, ਇਤਿਹਾਸ **'ਚ ਸਿੱਖ,** ਪੰਨਾ 145.
7. ਉਹੀ, ਪੰਨਾ 175.
8. Frantz Fanon, **The Wretched of the Earth**, p. 169.
9. ਅਜੀਤ ਸਿਘ ਸਰਹੱਦੀ, ਪੰਜਾਬੀ **ਸੂਬੇ ਦੀ ਗਾਥਾ,** ਪੰਨਾ 180.
10. ਰਵਿੰਦਰ ਰਵੀ, ਵਿਰਸਾ **ਤੇ ਵਰਤਮਾਨ,** ਪੰਨਾ 26.
11. Quoted, Yogender Singh, **Modernization of Indian Tradition**, p. 86.
12. ਤੇਜਵੰਤ ਗਿੱਲ, ਪੰਜਾਬੀ **ਪ੍ਰਵਚਨ,** ਪੰਨਾ 258.
13. ਰਤਨ ਸਿੰਘ ਜੱਗੀ, ਉਹੀ ਰਚਨਾ, ਪੰਨਾ 33.
14. ਰਾਜਿੰਦਰ ਪਾਲ ਸਿੰਘ, ਉਤਰ-ਆਧੁਨਿਕਤਾ, ਪੰਨਾ 104.
15. ਉਹੀ, ਪੰਨਾ 107.
16. ਉਹੀ, ਪੰਨਾ 106.
17. ਅਤਰ ਸਿੰਘ, ਸਾਹਿਤ **ਸੰਵੇਦਨਾ,** ਪੰਨੇ 87-88.
18. ਮਸਲੇ **ਗਲਪ ਦੇ,** ਪੰਨਾ 41.
19. ਟੀ.ਆਰ. ਵਿਨੋਦ, ਨਾਨਕ **ਸਿੰਘ ਪੜ੍ਹਦਿਆਂ,** ਪੰਨਾ 26.
20. ਉਹੀ, ਪੰਨਾ 18.
21. ਉਦਰਿਤ, ਰਾਮਧਾਰੀ ਸਿੰਘ ਦਿਨਕਰ, ਸਭਿਆਚਾਰ **ਦੇ ਚਾਰ ਅਧਿਆਏ,** ਪੰਨੇ 688-689.
22. ਟੀ.ਆਰ. ਵਿਨੋਦ, ਉਹੀ ਰਚਨਾ, ਪੰਨਾ 105.
23. ਕਰਤਾਰ ਸਿੰਘ ਦੁੱਗਲ (ਸੰਪਾ.), ਮੁਸਾਫ਼ਰ **ਦੀਆਂ ਕਹਾਣੀਆਂ,** ਪੰਨੇ 426-432.
24. ਉਹੀ ਰਚਨਾ, ਪੰਨੇ 128-132.
25. ਅਤਰ ਸਿੰਘ, ਸਾਹਿਤ **ਸੰਵੇਦਨਾ,** ਪੰਨਾ 218.
26. "ਅਸੀਂ ਦੇਖ ਸਕਦੇ ਹਾਂ ਕਿ 1948 ਤੋਂ ਮਗਰੋਂ ਭਾਰਤ ਸਰਕਾਰ ਦੀ ਸਨਅਤੀ ਨੀਤੀ ਪਹਿਲਾਂ ਕੌਮਪ੍ਰਸਤਾਂ ਵੱਲੋਂ ਉਲੀਕੀ ਗਈ ਨੀਤੀ ਤੋਂ ਅੱਗੇ ਨਹੀਂ ਗਈ। ਜਵਾਹਰ ਲਾਲ ਨਹਿਰੂ ਇਸ ਸਬੰਧ ਵਿਚ ਕੋਈ ਨਵੀਨਤਾਕਾਰ ਨਹੀਂ ਸਨ, ਸਿਵਾਏ ਇਸ ਗੱਲ ਦੇ ਕਿ ਇਕ ਪ੍ਰੋਗਰਾਮ ਨੂੰ, ਜਿਸਨੂੰ ਪਹਿਲਾਂ ਦੇ ਕੌਮਪ੍ਰਸਤਾਂ ਨੇ ਰਾਜ-ਸਮਰਹਿਤ (ਸਮਰਪਿਤ) ਸਰਮਾਏਦਾਰੀ ਕਿਹਾ ਸੀ। ਉਹਨੇ ਉਸੇ ਨੂੰ ਪਹਿਲਾਂ ਮਿੱਸੀ ਆਰਥਿਕਤਾ ਅਤੇ ਮਗਰੋਂ "ਸਮਾਜਵਾਦੀ ਢਾਂਚਾ" ਕਿਹਾ।...ਕਿ ਭੁੱਖਮਰੀ ਤੇ ਬੇਰੁਜ਼ਗਾਰੀ ਕਾਰਨ ਲੋਕਾਂ ਨੂੰ ਕਾਬੂ ਰੱਖਣ ਲਈ ਇੰਦਰਾ ਗਾਂਧੀ, ਨੇ ਵੀ ਸਮਾਜਵਾਦ ਦਾ ਨਾਹਰਾ ਅਪਣਾ ਲਿਆ।"
ਭਗਵਾਨ ਸਿੰਘ ਜੋਸ਼, ਪੰਜਾਬ **ਵਿਚ ਕਮਿਊਨਿਸਟ ਲਹਿਰ,** ਪੰਨਾ 24.
27. "ਭਾਵੇਂ ਅਕਾਲੀ ਲੀਡਰਸ਼ਿਪ 1947 ਤੋਂ ਲੈ ਕੇ ਹੀ ਸਿੱਖ ਕੌਮ ਨਾਲ ਹੋਣ ਵਾਲੀ ਹਰ ਵਿਤਕਰੇਬਾਜ਼ੀ, ਬੇਇਨਸਾਫ਼ੀ ਤੇ ਧੱਕੇਸ਼ਾਹੀ ਵਿਰੁੱਧ ਨਿਰੰਤਰ ਆਪਣਾ ਰੋਸ ਪ੍ਰਗਟਾਉਂਦੀ ਤੇ ਆਪਣੀ ਮੱਤ ਤੇ ਵਿਤ ਦੇ ਹਿਸਾਬ ਨਾਲ, ਇਸ ਖਿਲਾਫ਼ ਸਿਰੜ ਭਰੀ ਜੱਦੋਜਹਿਦ ਕਰਦੀ ਆ ਰਹੀ ਸੀ ਪਰ ਹਿੰਦੂ ਹਾਕਮਾਂ ਦੇ ਹੰਕਾਰ ਤੇ ਜ਼ਿਦ ਭਰੇ ਰਵੱਈਏ ਦੇ ਸਨਮੁਖ ਅਕਾਲੀ ਲੀਡਰਸ਼ਿਪ ਦਾ ਇਹ ਸੀਲ-ਸੁਭਾਅ ਰੋਸ ਕੋਈ ਬਹੁਤੇ ਸਾਰਥਕ ਤੇ ਉਤਸ਼ਾਹੀ ਸਿੱਟੇ ਨਾ ਕੱਢ ਸਕਿਆ।...ਸਿੱਖ ਕੌਮ ਇਸ ਨੂੰ ਆਪਣੀਆਂ ਜੁਝਾਰੂ ਰਵਾਇਤਾਂ ਦੇ ਨਿਖੇਧ ਅਤੇ ਆਪਣੇ ਗੌਰਵ ਤੇ ਸਵੈਮਾਣ ਦੀ ਹੇਠੀ ਵਜੋਂ ਦੇਖਣ ਲੱਗ ਪਈ ਸੀ।...ਇਹ ਅਹਿਸਾਸ ਸਿੱਖ ਕਿਸਾਨੀ ਅੰਦਰ ਆਮ ਕਰਕੇ ਅਤੇ ਸਿੱਖ ਨੌਜਵਾਨ ਵਰਗ ਅੰਦਰ ਖਾਸ ਕਰਕੇ ਵੱਧ ਸ਼ਿੱਦਤ ਨਾਲ ਪੈਦਾ ਹੋ ਰਿਹਾ ਸੀ। ਇਸ ਨਾਲ ਸਿੱਖ ਜਨਤਾ ਅੰਦਰ ਆਪਣੇ ਜੁਝਾਰੂ ਵਿਰਸੇ ਨਾਲ ਮੋਹ ਦੂਣੀ ਤਾਕਤ ਨਾਲ ਜਾਗ ਉਠਿਆ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਖਾੜਕੂ ਅੰਦਾਜ਼ ਉਸ ਨੂੰ ਵਿਸ਼ੇਸ਼ ਖਿੱਚ ਪਾਉਣ ਲੱਗਿਆ।"

ਅਜਮੇਰ ਸਿੰਘ, ਵੀਹਵੀਂ **ਸਦੀ ਦੀ ਸਿੱਖ ਰਾਜਨੀਤੀ,** ਪੰਨਾ 423.

28. ਪਰਮਜੀਤ ਸਿੰਘ, ਪਰਵਾਸ **ਸਭਿਆਚਾਰਕ ਸੰਕਟ,** ਪੰਨੇ 17-18.
29. ਮੇਰੀਆਂ **ਸ੍ਰੇਸ਼ਟ ਕਹਾਣੀਆਂ,** ਪੰਨੇ 114-119.
30. ਉਹੀ, ਪੰਨੇ 180-187.
31. ਕੇਸਰ ਸਿੰਘ ਕੇਸਰ, ਪ੍ਰਗਤੀਵਾਦੀ **ਵਿਚਾਰਧਾਰਾ ਤੇ ਪੰਜਾਬੀ ਕਵਿਤਾ,** ਪੰਨਾ 31.
32. ਰਵਿੰਦਰ ਸਿੰਘ ਰਵੀ, ਵਿਰਸਾ **ਤੇ ਵਰਤਮਾਨ,** ਪੰਨੇ 25-26
33. ਜੋਗਿੰਦਰ ਸਿੰਘ ਰਾਹੀ, ਮਸਲੇ **ਗਲਪ ਦੇ,** ਪੰਨਾ 91.
34. ਸੁਖਦੇਵ ਸਿੰਘ ਖਾਹਰਾ, ਪੰਜਾਬੀ **ਨਾਵਲ ਵਿਚ ਸਾਂਸਕ੍ਰਿਤਕ ਚੇਤਨਾ,** ਪੰਨਾ 146.
35. ਉਹੀ, ਪੰਨੇ 154-155.
36. ਜੋਗਿੰਦਰ ਸਿੰਘ ਰਾਹੀ, ਪੰਜਾਬੀ **ਨਾਵਲ,** ਪੰਨਾ 112.
37. ਉਹੀ ਰਚਨਾ, ਪੰਨੇ 186-187.
38. ਕੇਸਰ ਸਿੰਘ ਕੇਸਰ, ਵਰਗ **ਸੰਘਰਸ਼ ਤੇ ਗਲਪ-ਸਾਹਿਤ,** ਪੰਨਾ 77.
39. ਉਹੀ, ਪੰਨਾ 80.
40. ਬਲਦੇਵ ਸਿੰਘ ਧਾਲੀਵਾਲ, ਵਰਿਆਮ **ਸਿੰਘ ਸੰਧੂ ਦੀ ਕਹਾਣੀ-ਸਰੂਪ ਤੇ ਵਿਵੇਕ,** ਪੰਨਾ 104.
41. ਕਰਮਜੀਤ ਸਿੰਘ, ਆਧੁਨਿਕ **ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ,** ਪੰਨਾ 174.
42. ਜੋਗਿੰਦਰ ਸਿੰਘ ਰਾਹੀ, ਸਮਾਂ **ਤੇ ਸੰਵਾਦ,** ਪੰਨਾ 164.
43. "The ontological view governing the image of man in the work of leading modernist writers is the exact opposite of this (Realist Writers). Man for these writers, is by nature solitary, asocial, unable to enter into relationships with other human beings."

    Georg Lukacs, **The Meaning of Contemporary Realism**, p. 20.
44. ਪੰਜਾਬੀ **ਕਹਾਣੀ ਅਧਿਅਨ,** ਪੰਨਾ 68.
45. ਉਹੀ, ਪੰਨੇ 68-69.
46. Quoted by Georg Lukacs, Ibid, p. 69.